

ਸੰਵਾਦ-19 (ਜਨਵਰੀ-ਜੂਨ 2024) ISSN : 2395-1273 **www.sanvad.org**

# ਕੀ ਜਾਣਾ ਮੈਂ ਕੌਣ
# ਉਤਰ-ਮਾਨਵਵਾਦੀ ਆਪੇ ਦੀ ਤਲਾਸ਼

*ਕੌਣ ਹਾਂ ਮੈਂ ?*
*ਤਾਂ ਬਹੁਤ ਕੁਝ ਦੂਰ ਜਾ ਖਲੋਂਦਾ ਹੈ*
*ਇਕ ਦਮ*
*ਤੂੰ_ਲੋਕ*
*ਧਰਤੀ-ਬ੍ਰਹਿਮੰਡ*
*ਸਮਾਂ-ਸਥਾਨ*
*ਕੌਣ ਇਕ ਦੂਰੀ 'ਤੇ ਜਾ ਖਲੋਂਦਾ ਹੈ*
*ਆਪਣੀ ਦੇਹ ਤੋਂ ...ਮਨ ਤੋਂ*

*ਕੌਣ ਹੈ ਇਹ*
*ਜੋ ਮੇਰੇ ਵਿਚੋਂ ਦੇਖ ਰਿਹਾ*
*ਮੈਨੂੰ...ਤੁਹਾਨੂੰ....ਸੱਭ ਨੂੰ*
*ਕੌਣ ਹੈ?*
*ਜੋ ਮੇਰੇ ਨਾਲ ਜੋੜ ਰਿਹਾ*
*ਮੈਨੂੰ....ਤੁਹਾਨੂੰ ....ਸੱਭ ਕੁਝ ਨੂੰ*
*ਕੌਣ ਹੈ ?*

-ਸਵਰਨਜੀਤ ਸਵੀ



**ਸ. ਅਮਰਜੀਤ ਸਿੰਘ ਗਰੇਵਾਲ**
ਪੰਜਾਬੀ ਚਿੰਤਕ
6-ਬੀ ਸੁਗੰਧ ਵਿਹਾਰ
ਪੱਖੋਵਾਲ ਰੋਡ
ਲੁਧਿਆਣਾ
98761-38523
grewal52@gmail.com

ਜੋ ਆਪਣੇ ਆਪੇ ਦੇ ਸੱਚ ਨੂੰ ਖੋਜ ਲੈਂਦੇ ਹਨ, ਉਨ੍ਹਾਂ ਬਾਰੇ ਗੁਰੂ ਨਾਨਕ ਆਖਦੇ ਹਨ, *"ਜਿਨੀ ਆਤਮ ਚੀਨਿਆ ਪਰਮਾਤਮ ਸੋਈ ॥"* ਆਤਮ ਹੀ ਜੋਤਿ ਸਰੂਪ ਹੈ: *"ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥"* ਪਰ ਇਸ ਜੋਤਿ ਸਰੂਪ ਨੂੰ ਪਛਾਨਣ ਲਈ ਬਹੁਤ ਘਾਲਣਾ ਘਾਲਣੀ ਪੈਂਦੀ ਹੈ : *"ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥"* ਭ੍ਰਮ ਇਹ ਹੈ ਕਿ ਇਸੇ ਮਨ ਵਿਚ ਮੈਂ ਮੈਂ ਕਰਨ ਵਾਲੀ ਹਉਮੈਂ ਵੀ ਵੱਸਦੀ ਹੈ ਤੇ ਹਉਮੈਂ ਦੇ ਹੁੰਦਿਆਂ ਆਤਮ ਸਤਿ ਨੂੰ ਪਛਾਨਿਆਂ ਨਹੀਂ ਜਾ ਸਕਦਾ: *"ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥"* ਇਹ ਪਛਾਣ ਕੇਵਲ ਸ਼ਬਦ ਖੋਜ ਰਾਹੀਂ ਹੀ ਹੋ ਸਕਦੀ ਹੈ: *"ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥"* ਇਸ ਲੇਖ ਰਾਹੀਂ ਆਪਾਂ ਆਪਣੇ ਆਪੇ ਦੇ ਮੂਲ ਨੂੰ ਪਛਾਨਣ ਦਾ ਆਨੰਦ ਮਾਨਣਾ ਹੈ: *"ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥ ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ॥"*

ਠੀਕ ਹੈ ਕਿ ਹਉਮੈਂ ਮੇਰੀ ਮੈਂ ਦੇ ਆਪੇ ਨੂੰ ਲੱਗਿਆ ਸਭ ਤੋਂ ਵੱਡਾ ਰੋਗ ਹੈ। ਪਰ ਇਸ ਰੋਗ ਦੀ ਪਛਾਣ ਕੀਤੇ ਬਿਨ੍ਹਾਂ ਇਸ ਦਾ ਕੋਈ ਇਲਾਜ ਵੀ ਤਾਂ ਨਹੀਂ ਕੀਤਾ ਜਾ ਸਕਦਾ: *"ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥"* ਇਸੇ ਲਈ ਗੁਰੂ ਸਾਹਿਬ ਆਖਦੇ ਹਨ: *"ਹਉਮੈ ਦੀਰਘ ਰੋਗੁ ਹੈ ਦਾਰੂ ਭੀ*

*ਇਸੁ ਮਾਹਿ ॥"* ਇਹ ਹਉਮੈਂ ਜੋ ਮਨੁੱਖ ਅੰਦਰ ਉਸਦੀ ਅੱਡਰੀ ਹਸਤੀ ਦਾ ਭਰਮ ਪੈਦਾ ਕਰਦੀ ਹੈ, ਉਸ ਅੱਡਰੀ ਹਸਤੀ ਦੇ ਭਰਮ ਨੂੰ ਦੂਰ ਕੀਤੇ ਬਿਨ੍ਹਾਂ ਸਮੁੱਚਤਾ ਵਿਚ ਬੱਝੇ ਆਪੇ ਦੇ ਸੱਚ ਦੀ ਤਲਾਸ਼ ਨਹੀਂ ਕੀਤੀ ਜਾ ਸਕਦੀ: *"ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥"* ਮਨੁੱਖਾਂ ਅੰਦਰ ਮੌਜੂਦ ਸ਼ਬਦ ਪ੍ਰਕਿਰਿਆ ਹੀ ਉਸਨੂੰ ਦੂਸਰਿਆਂ ਨਾਲ ਜੋੜਦੀ ਹੈ। ਅਸੀਂ ਅੱਗੇ ਜਾ ਕੇ ਦੇਖਾਂਗੇ ਕਿ ਦੂਸਰਿਆਂ ਵਿਚ ਕੇਵਲ ਦੂਸਰੇ ਮਨੁੱਖ, ਮਸ਼ੀਨ, ਜੀਵ ਜੰਤੂ ਅਤੇ ਪ੍ਰਕਿਰਤੀ ਹੀ ਸ਼ਾਮਲ ਨਹੀਂ; ਕੁਦਰਤ ਭਾਵ ਕਿ ਸਮੁੱਚੀ ਕਾਇਨਾਤ ਸ਼ਾਮਲ ਹੈ। ਆਪਣੇ ਆਪੇ ਦੀ ਸਮੁੱਚਤਾ ਵਿਚ ਬੱਝੀ ਇਸ ਹਕੀਕਤ ਦੇ ਅਨੁਭਵ ਲਈ ਮਾਨਵ ਦਾ ਆਪਣੀ ਹਉਮੈਂ ਰੂਪੀ ਅੱਡਰੀ ਹਕੀਕਤ ਦੇ ਭਰਮ ਤੋਂ ਜਾਣੂ ਹੋਣਾ ਜ਼ਰੂਰੀ ਹੈ: *"ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥"*

ਇਸ ਲਈ ਆਪਾਂ ਮਾਨਵੀ ਆਪੇ ਨੂੰ ਸਮੁੱਚਤਾ ਵਿਚ ਬੱਝੀ ਹੋਈ, ਆਪਣੇ ਅਤੇ ਆਪਣੇ ਟੀਚਿਆਂ ਪ੍ਰਤੀ ਸੁਚੇਤ ਇਕ ਦੇਹਧਾਰੀ ਏਜੰਸੀ ਦੇ ਰੂਪ ਵਿਚ ਪਰਿਭਾਸ਼ਿਤ ਕਰ ਸਕਦੇ ਹਾਂ। ਸਭ ਤੋਂ ਪਹਿਲਾਂ ਇਸ ਮਾਨਵ ਏਜੰਸੀ ਦੇ ਟੀਚਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

**ਟੀਚੇ**: ਆਰਟੀਕਲ ਦੇ ਇਸ ਭਾਗ ਵਿਚ ਆਪਾਂ ਬੇਜਾਨ ਮਾਦੇ ਤੋਂ ਜੀਵ ਜੰਤੂਆਂ, ਜੀਵ ਜੰਤੂਆਂ ਤੋਂ ਮਨੁੱਖਾਂ ਅਤੇ ਮਨੁੱਖਾਂ ਤੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਤਕ ਇਨ੍ਹਾਂ ਦੀ ਮੈਂ ਦੇ ਟੀਚਿਆਂ ਨੂੰ ਸੰਖੇਪ ਵਿਚ ਸਮਝਣ ਦੀ ਕੋਸ਼ਿਸ਼ ਕਰਾਂਗੇ। ਸਮੁੱਚਤਾ (ਸਰਗੁਣ ਹੋਂਦ) ਵਿਚ ਬੱਝੇ ਹੋਣ ਕਾਰਨ ਮਾਨਵ ਏਜੰਸੀ ਦੇ ਟੀਚਿਆਂ ਨੂੰ ਸਮੁੱਚਤਾ ਦੇ ਟੀਚਿਆਂ ਤੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ। ਇਸ ਲਈ, ਮਾਨਵ ਏਜੰਸੀ ਦੇ ਟੀਚਿਆਂ ਨੂੰ ਸਮਝਣ ਤੋਂ ਪਹਿਲਾਂ, ਸਮੁੱਚੀ ਸ੍ਰਿਸ਼ਟੀ (ਸਰਗੁਣ ਹੋਂਦ) ਦੇ ਟੀਚਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਮਨੁੱਖ ਕੇਵਲ ਜਿੰਦਾ ਰਹਿਣ ਲਈ ਹੀ ਨਹੀਂ ਜੀਂਦਾ। ਹਮੇਸ਼ਾ ਕੁਝ ਪ੍ਰਾਪਤ ਕਰਨ ਦੀ ਦੌੜ ਵਿਚ ਲੱਗਿਆ ਰਹਿੰਦਾ ਹੈ। ਕੋਈ ਆਪਣੀ ਧਨ ਦੌਲਤ ਵਿਚ ਵਾਧਾ ਕਰਨ ਲਈ ਜੀਂਦਾ ਹੈ ਤੇ ਕੋਈ ਆਪਣੇ ਰੁਤਬੇ ਵਿਚ ਵਾਧੇ ਲਈ। ਕੋਈ ਵੱਧ ਤੋਂ ਵੱਧ ਖੁਸ਼ੀ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਕੋਈ ਵੱਧ ਤੋਂ ਵੱਧ ਪਾਵਰ। ਬਹੁਤੇ ਲੋਕ ਆਪਣੀ ਆਯੂ ਵਿਚ ਵਾਧਾ ਕਰਨਾ ਲੋਚਦੇ ਹਨ। ਮਾਨਵ ਦੀ ਗੱਲ ਤਾਂ ਸਮਝ ਲਗਦੀ ਹੈ। ਪਰ ਸੁਆਲ ਹੈ ਕਿ ਇਹ ਸ੍ਰਿਸ਼ਟੀ ਆਪਣੀ ਕਿਸ ਲੋੜ (ਚਾਹਨਾਂ) ਵਿਚ ਨਿਰੰਤਰ ਵਾਧਾ ਕਰਨਾ ਲੋਚਦੀ ਹੈ? ਕੀ ਹੈ ਉਹ ਸਮੱਗਰੀ ਜਿਸ ਵਿਚ ਵਾਧੇ ਦੀ ਦਰ ਨੂੰ ਹੋਰ ਵਧਾਉਣ ਦੇ ਆਹਰੇ ਲੱਗੀ ਰਹਿੰਦੀ ਹੈ? ਕਾਹਦੇ ਲਈ ਹੋਂਦ ਧਾਰੀ ਬੈਠੀ ਹੈ?

ਸ੍ਰਿਸ਼ਟੀ ਆਪਣੇ ਮਰਨ ਲਈ ਹੀ ਜਨਮਦੀ ਅਤੇ ਜੀਂਦੀ ਹੈ। ਛੇਤੀ ਮਰਨ ਲਈ ਤਰਕੀਬਾਂ ਲੜਾਉਂਦੀ ਰਹਿੰਦੀ ਹੈ। ਜਿਵੇਂ ਉਸਨੂੰ ਆਪਣੀ ਸਰਗੁਣ ਅਵਸਥਾ ਖਤਮ ਕਰ ਕੇ ਨਿਰਗੁਣ ਅਵਸਥਾ ਵਿਚ ਪਹੁੰਚਣ ਦੀ ਕਾਹਲ ਲੱਗੀ ਹੋਵੇ: *"ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸ ਮਾਹਿ ਸਮਾਏ ਜੀਉ॥"*

ਭੌਤਿਕ ਸੰਸਾਰ ਆਪਣੀ ਜਿਸ ਚੀਜ਼ ਵਿਚ ਲਗਾਤਾਰ ਵਾਧਾ ਕਰਦਾ ਹੈ, ਤੇ ਜੋ ਵਾਧਾ ਸਮੇਂ ਦੀ ਦਿਸ਼ਾ ਦਾ ਪ੍ਰਤੀਕ ਵੀ ਬਣ ਗਿਆ ਹੈ, ਉਸ ਨੂੰ ਭੌਤਿਕ ਵਿਗਿਆਨੀਆਂ ਨੇ ਐਨਟਰਾਪੀ ਦਾ ਨਾਮ ਦਿੱਤਾ ਹੈ। ਇਹ ਔਰਡਰ ਤੋਂ ਡਿਸਔਰਡਰ ਵੱਲ ਲਗਾਤਾਰ ਵਧ ਰਹੀ ਭੌਤਿਕ ਸੰਸਾਰ ਦੀ ਉਹ ਡਿਸਔਰਡਰਲੀਨੈੱਸ (ਘੜਮੱਸ) ਹੈ ਜੋ ਭੌਤਿਕ ਸੰਸਾਰ ਦੇ ਮਰਣੁ (ਹੀਟ ਡੈੱਥ) ਨਾਲ ਹੀ ਪੂਰੀ ਹੋਵੇਗੀ। ਇਸੇ ਲਈ ਤਾਂ ਕਾਲ ਅਤੇ ਮਰਣੁ ਸਮਅਰਥੀ ਹੋ ਗਏ ਹਨ: *"ਮਰਣੁ ਲਿਖਾਇ ਮੰਡਲ ਮਹਿ ਆਏ॥"*

ਭੌਤਿਕ ਵਿਗਿਆਨ ਤਾਂ ਇਹੋ ਆਖਦਾ ਹੈ। ਪਰ ਅਸੀਂ ਦੇਖਦੇ ਕੁੱਝ ਹੋਰ ਹਾਂ। ਅਸੀਂ ਕੇਵਲ ਵਧ ਰਹੀ ਘੜਮੱਸ ਹੀ ਨਹੀਂ ਦੇਖਦੇ; ਇਸ ਘੜਮੱਸ ਵਿਚੋਂ ਉਪਜਦਾ ਜੀਵਨ ਵੀ ਬਰਾਬਰ ਦੇਖ ਰਹੇ ਹਾਂ। ਡਿਸਔਰਡਰਲੀਨੈੱਸ ਵਿਚੋਂ ਪੈਦਾ ਹੋ ਰਿਹਾ ਔਰਡਰ। ਜਿੱਥੇ ਐਨਟਰਾਪੀ ਦੇ ਵਧਣ ਨਾਲ ਡਿਸਆਰਡਰਲੀਨੈੱਸ ਵਧਦੀ ਹੈ, ਓਥੇ ਇਸ ਡਿਸਆਰਡਰਲੀਨੈੱਸ ਵਿਚੋਂ ਪੈਦਾ ਹੋ ਰਿਹਾ ਜੀਵਨ ਐਨਟਰਾਪੀ ਦੇ ਘਟਣ ਵੱਲ ਸੰਕੇਤ ਕਰਦਾ ਹੈ। ਕੈਸਾ ਵਿਰੋਧਾਭਾਸ ਹੈ ਇਹ !

ਇਸ ਵਿਰੋਧਾਭਾਸ ਦੀਆਂ ਬਰੀਕੀਆਂ ਵਿਚ ਉਲਝਣ ਦੀ ਥਾਂ ਕੇਵਲ ਏਨਾ ਸਮਝ ਲੈਣਾ ਹੀ ਬਹੁਤ ਹੋਵੇਗਾ ਕਿ ਬੇਜਾਨ ਮਾਦੇ ਦੇ ਮੁਕਾਬਲੇ ਜਾਨਦਾਰ ਜੀਵ ਵਧੇਰੇ ਘੜਮੱਸ ਪੈਦਾ ਕਰਦੇ ਹਨ। ਭਾਵ ਐਨਟਰਾਪੀ ਵਿਚ ਵਾਧੇ ਦੀ ਦਰ ਨੂੰ ਬਹੁਤ ਵਧਾ ਦਿੰਦੇ ਹਨ। ਉਦਾਹਰਣ ਦੇ ਤੌਰ 'ਤੇ ਜੀਵ ਜੰਤੂ ਜਿੰਦਾ ਰਹਿਣ ਲਈ, ਆਪਣੇ ਚੌਗਿਰਦੇ ਵਿਚੋਂ ਭੋਜਨ, ਹਵਾ ਪਾਣੀ ਅਤੇ ਗਰਮੀ ਦੇ ਰੂਪ ਵਿਚ ਜੋ ਊਰਜਾ ਐਕਸਟਰੈਕਟ (ਪ੍ਰਾਪਤ) ਕਰਦੇ ਹਨ, ਉਹ ਸਾਰੀ ਊਰਜਾ ਜੀਵਨ ਸ਼ਕਤੀ ਵਿਚ ਤਬਦੀਲ ਨਹੀਂ ਹੁੰਦੀ। ਕੁਝ ਬੇਕਾਰ ਵੀ ਹੋ ਜਾਂਦੀ ਹੈ।

ਇਸ ਬੇਕਾਰ ਹੋਈ ਊਰਜਾ ਨੂੰ ਹੀ ਐਨਟਰਾਪੀ ਦਾ ਨਾਮ ਦਿੱਤਾ ਗਿਆ ਹੈ। ਇਹ ਸਮਝਣਾ ਸੌਖਾ ਹੋਵੇਗਾ ਕਿ ਬੇਜਾਨ ਮਾਦੇ ਦੇ ਮੁਕਾਬਲੇ ਜੀਵ ਜੰਤੂ ਅਤੇ ਜੀਵ ਜੰਤੂਆਂ ਦੇ ਮੁਕਾਬਲੇ ਮਨੁੱਖ ਊਰਜਾ ਦਾ ਕਿਤੇ ਵੱਧ ਇਸਤੇਮਾਲ ਕਰਕੇ ਉਸੇ ਅਨੁਪਾਤ ਨਾਲ ਐਨਟਰਾਪੀ ਵਿਚ ਵਾਧਾ ਕਰਦੇ ਹਨ।

ਮੰਨ ਲਵੋ ਕਿ ਫਰਸ਼ ਤੇ ਚੀਨੀ ਖਿੱਲਰੀ ਪਈ ਹੈ। ਕੀੜੀਆਂ ਆਉਂਣਗੀਆਂ ਤੇ ਮਿੰਟਾਂ ਸਕਿੰਟਾਂ ਵਿਚ ਉਸ ਚੀਨੀ ਨੂੰ ਚੱਟਮ ਕਰਕੇ ਚਲੀਆਂ ਜਾਣਗੀਆਂ। ਜੇ ਕੀੜੀਆਂ ਨਾ ਆਉਂਦੀਆਂ ਤਾਂ ਉਹ ਚੀਨੀਂ ਅਤੇ ਉਸ ਚੀਨੀਂ ਵਿਚਲੀ ਰਸਾਇਣਕ ਊਰਜਾ ਸਾਲਾਂ ਬੱਧੀ ਉਸੇ ਤਰ੍ਹਾਂ ਫਰਸ਼ 'ਤੇ ਪਈ ਵੀ ਰਹਿ ਸਕਦੀ ਸੀ। ਪਰ ਜੀਵਨ ਨੇ ਉਸ ਰਸਾਇਣਕ ਊਰਜਾ ਨੂੰ ਮਿੰਟਾਂ ਸਕਿੰਟਾਂ ਵਿਚ ਡਿਸੀਪੇਟ ਕਰ ਦਿੱਤਾ। ਇਸੇ ਤਰ੍ਹਾਂ ਜੇਕਰ ਮਨੁੱਖ ਧਰਤੀ ਹੇਠਲੇ ਕੋਲੇ ਅਤੇ ਪੈਟਰੋਲੀਅਮ ਨੂੰ ਕੱਢ ਕੇ ਵਰਤੋਂ ਵਿਚ ਨਾ ਲਿਆਵੇ ਤਾਂ ਉਹ ਸਦੀਆਂ ਤਕ ਉਸੇ ਤਰ੍ਹਾਂ ਪਿਆ ਰਹੇਗਾ। ਉਸ ਵਿਚਲੀ ਊਰਜਾ ਉਸੇ ਰੂਪ ਵਿਚ ਸੰਭਲੀ ਰਹੇਗੀ।

ਡਾਰਵਿਨ ਆਖਦਾ ਹੈ ਕਿ ਜੀਵ ਜੰਤੂ ਕੇਵਲ ਜੀਣ ਲਈ ਹੀ ਨਹੀਂ ਜੀਦੇ, ਆਪਣੀ ਨਸਲ ਵਧਾਉਣ ਲਈ ਵੀ ਜੀਂਦੇ ਹਨ। ਤੁਸੀਂ ਪੁੱਛੋਗੇ ਕਿ ਕੀ ਜੈਵਿਕਤਾ ਦੇ ਆਉਣ ਨਾਲ ਡਿਸੀਪੇਸ਼ਨ (ਐਨਟਰਾਪੀ ਵਿਚ ਵਾਧੇ) ਦਾ ਟੀਚਾ ਰੈਪਲੀਕੇਸ਼ਨ (ਜਨਸੰਖਿਆ ਵਿਚ ਵਾਧੇ) ਦੇ ਟੀਚੇ ਵਿਚ ਤਬਦੀਲ ਹੋ ਜਾਂਦਾ ਹੈ? ਕਿਉਂਕਿ ਜੀਵ ਜੰਤੂਆਂ ਦੀ ਜਨਸੰਖਿਆ ਵਿਚ ਵਾਧੇ ਨਾਲ ਡਿਸੀਪੇਸ਼ਨ ਵਿਚ ਹੋਣ ਵਾਲੇ ਵਾਧੇ ਬਾਰੇ ਸਮਝਣਾ ਮੁਸ਼ਕਲ ਕੰਮ ਨਹੀਂ, ਇਸ ਲਈ ਇਸ ਬਾਰੇ ਹੋਰ ਬਹੁਤੀ ਗੱਲਬਾਤ ਕਰਨ ਦੀ ਜ਼ਰੂਰਤ ਨਹੀਂ। ਪਰ ਇਸ ਬਾਰੇ ਤਾਂ ਗੱਲਬਾਤ ਕਰਨੀ ਹੀ ਪਵੇਗੀ ਕਿ ਜੇ ਇਹ ਗੱਲ ਸੱਚ ਹੈ ਤਾਂ ਬੰਦੇ ਦੋ-ਤਿੰਨ ਬੱਚਿਆਂ ਬਾਅਦ ਹੋਰ ਬੱਚੇ ਪੈਦਾ ਕਰਨੇ ਬੰਦ ਕਿਉਂ ਕਰ ਦਿੰਦੇ ਹਨ? ਕਈ ਲੋਕ ਬ੍ਰਹਮਚਾਰੀ ਰਹਿਣਾ ਕਿਉਂ ਪਸੰਦ ਕਰਦੇ ਹਨ? ਲੋਕ ਆਤਮ ਹੱਤਿਆ ਵੀ ਕਰ ਲੈਂਦੇ ਹਨ, ਪਰ ਕਿਉਂ? ਉਨ੍ਹਾਂ ਦੇ ਦਿਮਾਗ ਵਿਚ ਇਸ ਤਰ੍ਹਾਂ ਦੀਆਂ ਫੀਲਿੰਗਜ਼ ਕਿਵੇਂ ਅਤੇ ਕਿਉਂ ਪੈਦਾ ਹੋ ਜਾਂਦੀਆਂ ਹਨ?

ਪੁੱਛਣਾ ਪਵੇਗਾ ਕਿ ਦਿਮਾਗ ਵਿਚ ਪੈਦਾ ਹੋਣ ਵਾਲੀਆਂ ਇਹ ਫੀਲਿੰਗਜ਼ (ਭਾਵਨਾਵਾਂ) ਕੀ ਹੁੰਦੀਆਂ ਹਨ? ਜੀਵ ਜੰਤੂਆਂ ਨੂੰ ਭੁੱਖ ਪਿਆਸ ਲੱਗਦੀ ਹੈ, ਤਾਂ ਉਹ ਭੋਜਨ ਪਾਣੀ ਦੀ ਤਲਾਸ਼ ਵਿਚ ਨਿਕਲਦੇ ਹਨ। ਕਾਮ ਵਾਸਨਾ ਜਾਗਦੀ ਹੈ ਤਾਂ ਬੱਚੇ ਪੈਦਾ ਕਰਨ ਲਈ ਸਾਥੀ ਦੀ ਤਲਾਸ਼ ਕਰਦੇ ਹਨ। ਦਰਦ ਸਰੀਰ ਵੱਲ ਧਿਆਨ ਦੇਣ ਲਈ ਪ੍ਰੇਰਦਾ ਹੈ। ਪਿਆਰ ਅਤੇ ਹਮਦਰਦੀ ਸਾਂਝੇ ਯਤਨਾ ਲਈ ਸਹਿਯੋਗ ਵਾਸਤੇ ਰਸਤਾ ਤਿਆਰ ਕਰਦੇ ਹਨ। ਜੀਵ ਜੰਤੂਆਂ ਵਿਚ ਦਿਮਾਗ ਇਹ ਫੈਸਲੇ ਸੋਚ ਵਿਚਾਰ ਕੇ ਨਹੀਂ ਲੈਂਦਾ। ਇਨ੍ਹਾਂ ਫੀਲਿੰਗਜ਼ ਦੀਆਂ ਜੜ੍ਹਾਂ ਉਨ੍ਹਾਂ ਦੀ ਸਰੀਰਕ ਬਣਤਰ ਅਤੇ ਉਸਦੀ ਕਾਰਜ ਸ਼ੈਲੀ (ਫਿਜ਼ਿਆਲੋਜੀ) ਵਿਚ ਪਈਆਂ ਹੁੰਦੀਆਂ ਹਨ।

ਪਰ ਤੁਸੀਂ ਆਖੋਗੇ ਕਿ ਇਸ ਸੁਆਲ ਦਾ ਜੁਆਬ ਤਾਂ ਹਾਲੇ ਵੀ ਨਹੀਂ ਮਿਲਿਆ ਕਿ ਜੀਵ ਜੰਤੂ ਨਾ ਸਹੀ, ਪਰ ਮਨੁੱਖ ਦੋ-ਤਿੰਨ ਬੱਚਿਆਂ ਬਾਅਦ ਹੋਰ ਬੱਚੇ ਪੈਦਾ ਕਰਨੇ ਬੰਦ ਕਿਉਂ ਕਰ ਦਿੰਦੇ ਹਨ? ਜੀਵ ਜੰਤੂਆਂ ਅਤੇ ਮਨੁੱਖਾਂ ਵਿਚਕਾਰ ਇਹ ਕੈਸਾ ਅੰਤਰ? ਮਨੁੱਖ ਅੰਦਰ ਕਾਮ ਵਾਸਨਾ ਜਾਗਦੀ ਹੈ ਤਾਂ ਉਹ ਇਸਦੀ ਤ੍ਰਿਪਤੀ ਤਾਂ ਕਰਦਾ ਹੈ, ਪਰ ਦੂਸਰੇ ਜੀਵ ਜੰਤੂਆਂ ਵਾਂਗ ਕੇਵਲ ਬੱਚੇ ਪੈਦਾ ਕਰਨ ਲਈ ਨਹੀਂ। ਭੋਜਨ ਵੀ ਕੇਵਲ ਜਿੰਦਾ ਰਹਿਣ ਲਈ ਨਹੀਂ ਕੀਤਾ ਜਾਂਦਾ। ਮਨੁੱਖ ਤੋਂ ਬਿਨਾ ਬਾਕੀ ਜੀਵ ਭੁੱਖ ਲੱਗਣ ’ਤੇ ਹੀ ਖਾਂਦੇ ਹਨ। ਭੁੱਖ ਲੱਗਣਾ ਖਾਣਾ ਖਾਣ ਦੇ ਕਾਰਜ ਦਾ ਕਾਰਨ ਹੈ। ਪਰ ਮਨੁੱਖ ਅੰਦਰ ਪਹੁੰਚ ਕੇ ਇਹ ਕਾਰਨ-ਕਾਰਜ ਦਾ ਅਮਲ ਉਦੇਸ਼-ਪੂਰਕਤਾ ਦੇ ਅਮਲ ਵਿਚ ਤਬਦੀਲ ਹੋ ਜਾਂਦਾ ਹੈ। ਅਸੀਂ ਦੂਸਰਿਆਂ ਨੂੰ ਬਰੇਕਫਾਸਟ, ਚਾਹ ਅਤੇ ਡਿਨਰ ’ਤੇ ਇਸ ਲਈ ਨਹੀਂ ਬੁਲਾਉਂਦੇ ਕਿ ਉਨ੍ਹਾਂ ਨੂੰ ਭੁੱਖ ਲੱਗੀ ਹੁੰਦੀ ਹੈ। ਉਦੇਸ਼ ਕੋਈ ਹੋਰ ਹੁੰਦਾ ਹੈ। ਇਹ ਉਦੇਸ਼-ਪੂਰਕਤਾ ਮਾਨਵੀ ਸ਼ਬਦ-ਚੇਤਨਾ ਵਿਚੋਂ ਜਨਮ ਲੈਂਦੀ ਹੈ।

ਦੂਸਰੇ ਜੀਵਾਂ ਦੇ ਕੇਸ ਵਿਚ ਬੱਚੇ ਕੁਦਰਤ ਪਾਲਦੀ ਹੈ। ਪਰ ਮਨੁੱਖ ਦੇ ਬੱਚੇ ਉਹ ਖ਼ੁਦ ਅਤੇ ਉਸਦਾ ਪਰਿਵਾਰ ਪਾਲਦੇ ਹਨ। ਇਸ ਲਈ ਕੋਈ ਵੀ ਮਨੁੱਖ ਪੰਦਰਾਂ ਬੱਚੇ ਪੈਦਾ ਨਹੀਂ ਕਰੇਗਾ। ਓਨੇ ਹੀ ਪੈਦਾ ਕਰੇਗਾ ਜਿੰਨਿਆਂ ਦਾ ਵਧੀਆ ਪਾਲਣ ਪੋਸ਼ਣ ਕਰਨ ਦੀ ਉਸ ਵਿਚ ਸਮਰੱਥਾ ਹੋਵੇਗੀ। ਤਾਂ ਜੋ ਉਸਦੇ ਬੱਚੇ ਭੁੱਖੇ ਨਾ ਮਰਨ। ਸਗੋਂ ਪ੍ਰਤੀ ਜੀਅ ਊਰਜਾ ਦੀ ਵੱਧ ਤੋਂ ਵੱਧ ਖਪਤ ਕਰ ਕੇ ਐਨਰਾਪੀ ਦੇ ਵਾਧੇ ਵਿਚ ਤਸੱਲੀਬਖਸ਼ ਯੋਗਦਾਨ ਪਾ ਸਕਣ। ਧਨ ਦੌਲਤ, ਰੁਤਬੇ, ਗਿਆਨ, ਤਕਨਾਲੋਜੀ ਅਤੇ ਪਾਵਰ ਵਿਚ ਵਾਧਾ ਅਤੇ ਕੰਪੀਟੀਸ਼ਨ ਵੀ ਊਰਜਾ ਦੀ ਵਧੇਰੇ ਖਪਤ ਰਾਹੀਂ ਐਨਟਰਾਪੀ ਵਿਚ ਵਾਧੇ ਨਾਲ ਹੀ ਜਾ ਜੁੜਦਾ ਹੈ।

ਰਹਿ ਗਈ ਗੱਲ ਆਰਟੀਫੀਸ਼ਲ ਇੰਟੈਲੀਜੈਂਸ ਦੀ। ਦੂਸਰੇ ਗ੍ਰਹਿਆਂ ਉੱਪਰ ਜਾ ਕੇ ਬੰਦੇ ਤਾਂ ਉਨ੍ਹਾਂ ਨੂੰ

ਵਸਾਉਣੋ ਰਹੇ। ਤੇ ਨਾ ਹੀ ਧਰਤੀ ਤੋਂ ਰਾਅ ਮੈਟੀਰੀਅਲ, ਮਸ਼ੀਨਰੀ ਅਤੇ ਰੋਬੋ ਜਾ ਸਕਣਗੇ। ਰਾਅ ਮੈਟੀਰੀਅਲ ਦੀ ਮਾਈਨਿੰਗ ਤੋਂ ਲੈ ਕੇ ਮਸ਼ੀਨਰੀ, ਰੋਬੌਟਿਕਸ ਅਤੇ ਤਮਾਮ ਸਹੂਲਤਾਂ ਦੀ 3ਡੀ ਪਰਿੰਟਿੰਗ ਦਾ ਕੰਮ ਤਾਂ ਆਰਟੀਫੀਸ਼ਲ ਇੰਟੈਲੀਜੈਂਸ ਹੀ ਕਰੇਗੀ। ਐਨਟਰਾਪੀ ਦੇ ਅਗਾਊਂ ਵਾਧੇ ਲਈ ਧਰਤੀ ਤੋਂ ਪਾਰ ਸਪੇਸ ਵਿਚ ਦੂਸਰੀਆਂ ਧਰਤੀਆਂ ਤਕ ਜੀਵਨ ਅਤੇ ਚੇਤਨਾ ਦਾ ਫੈਲਾਅ ਇੰਝ ਹੀ ਸੰਭਵ ਹੋ ਪਾਏਗਾ।

**ਦੇਹਧਾਰੀ ਏਜੰਸੀ**: ਧਰਮ ਕਰਮ ਨੂੰ ਮਨ ਨਾਲੋਂ ਤੇ ਮਨ ਨੂੰ ਤਨ ਨਾਲੋਂ ਅਲਹਿਦਾ ਕਰਕੇ ਨਹੀਂ ਦੇਖਿਆ ਜਾ ਸਕਦਾ। ਗੁਰੂ ਨਾਨਕ ਸਾਹਿਬ ਆਖਦੇ ਹਨ: *"ਇਹ ਮਨ ਧਰਮਾ, ਇਹ ਮਨ ਕਰਮਾ, ਇਹ ਮਨ ਪੰਚ ਤੱਤ ਤੇ ਜਨਮਾ ॥"* ਇਹ ਪੰਜ ਤੱਤ ਤੇ ਇਨ੍ਹਾਂ 'ਚੋਂ ਪੈਦਾ ਹੋਏ ਧਰਮ ਕਰਮ, ਮਨ, ਮੇਰੀ ਮੈਂ ਅਤੇ ਗਿਆਨ ਧਿਆਨ ਕਿਸੇ ਹੋਰ ਨੇ ਨਹੀਂ ਸਾਜੇ। ਉਸਦੇ ਆਪਣੇ ਆਪ ਦਾ ਹੀ ਸਰਗੁਣ ਪ੍ਰਗਟਾਅ ਹਨ: *"ਆਪੀ ਨੇ ਆਪੁ ਸਾਜਿਓ ਆਪੀਨੇ ਰਚਿਓ ਨਾਓ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥"* ਤੇ ਇਸ ਅਦਭੁਤ ਤਮਾਸ਼ੇ ਨੂੰ ਦੇਖਣ ਵਾਲਾ ਵੀ ਕੋਈ ਹੋਰ ਨਹੀਂ, ਉਹ ਆਪ ਹੀ ਹੈ।

*ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥*
*ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥*
*ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥*
*ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥*
*ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥*
*ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥*
*ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥*
*ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥*

ਜੋ ਵੀ ਹੈ, ਉਹ ਸਭ ਉਸ ਨਿਰਗੁਣ ਦਾ ਸਰਗੁਣ ਨ੍ਰਿਤ ਹੈ, ਜੋ ਉਸਦੇ ਆਪਣੇ ਆਪ ਵਿਚੋਂ ਪ੍ਰਗਟ ਹੁੰਦਾ ਹੈ ਤੇ ਅਖੀਰ ਉਸੇ ਵਿਚ ਸਮਾ ਜਾਂਦਾ ਹੈ। ਇਸਦਾ ਦਰਸ਼ਕ ਵੀ ਕੇਵਲ ਉਹ ਆਪ ਹੀ ਹੈ। ਵਿਗਿਆਨੀ ਬੜੇ ਵਿਸ਼ਵਾਸ ਨਾਲ ਦੱਸਦੇ ਹਨ ਕਿ ਇਹ ਸਰਗੁਣ ਨ੍ਰਿਤ (ਕੌਸਮਿਕ ਡਾਂਸ) ਅੱਜ ਤੋਂ 1380 ਕਰੋੜ ਸਾਲ ਪਹਿਲਾਂ ਬਿੱਗ ਬੈਂਗ ਦੀ ਵਿਸਮਾਦੀ ਘਟਨਾ ਨਾਲ ਆਰੰਭ ਹੋਇਆ। ਜੋ ਲੋਕ ਇਹ ਸੁਆਲ ਕਰਦੇ ਹਨ ਕਿ ਬਿੱਗ ਬੈਂਗ ਤੋਂ ਪਹਿਲਾਂ ਕੀ ਸੀ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਨ੍ਰਿਤ ਦੀ ਪਰਫੌਰਮੈਂਸ ਤੋਂ ਪਹਿਲਾਂ ਨ੍ਰਿਤ ਨ੍ਰਿਤਕਾਰ ਦੇ ਹਿਰਦੇ ਵਿਚ ਵਸਿਆ ਹੁੰਦਾ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਮਾਰੂ ਰਾਗ ਵਿਚ ਫਰਮਾਉਂਦੇ ਹਨ:

*ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥*
*ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥*
*ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥*
*ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥*

.............. .................... ...........................

*ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥*
*ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥*

ਤੁਸੀਂ ਆਖੋਗੇ ਕਿ ਇਹ ਤਾਂ ਮੰਨ ਲਿਆ ਕਿ ਉਸ ਨਿਰਗੁਣ ਤੋਂ ਪਵਨ ਬਣੀ, ਪਵਨ ਤੋਂ ਜਲ ਹੋਂਦ ਵਿਚ ਆਇਆ ਤੇ ਜਲ ਤੋਂ ਸਾਰਾ ਜਗਤ ਰਚਿਆ ਗਿਆ। ਇਸ ਲਈ ਇਸ ਸੰਸਾਰ ਦੇ ਕਣ-ਕਣ ਵਿਚ ਉਸ ਨਿਰਗੁਣ ਦੀ ਜੋਤਿ ਸਮਾਈ ਹੋਈ ਹੈ,

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥*

ਪਰ ਇਨ੍ਹਾਂ ਪੰਜ ਤੱਤਾਂ ਦੇ ਸੰਸਾਰ ਵਿਚ ਧਰਮ ਕਰਮ, ਮਨ ਮੈਂ, ਮਾਣ ਮਰਿਯਾਦਾ, ਗਿਆਨ ਧਿਆਨ, ਸੂਝ ਬੂਝ ਤੇ ਚੇਤਨਾਂ ਕਿਵੇਂ ਪੈਦਾ ਹੋ ਗਏ। ਉਹ ਸੂਝ ਬੂਝ ਅਤੇ ਚੇਤਨਾਂ ਜੋ ਮਨ ਨੂੰ ਉਸਦੇ ਮੂਲ ਜੋਤ ਸਰੂਪ ਦੀ ਪਹਿਚਾਣ ਤਕ ਕਰਾ ਸਕਣ ਦਾ ਦਾਅਵਾ ਵੀ ਪੇਸ਼ ਕਰ ਦਿੰਦੀ ਹੈ:

*ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥*
*ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥*

ਪੰਜ ਤੱਤਾਂ ਵਿਚ ਇਹ ਸੋਝੀ ਕਿਵੇਂ ਪੈਦਾ ਹੋ ਗਈ? ਮਾਦੇ ਵਿਚ ਜੀਵਨ ਧੜਕਿਆ ਤੇ ਜੀਵਨ ਵਿਚ ਚੇਤਨਾ! ਮਾਦਾ ਮਾਦੇ ਬਾਰੇ ਸੋਚਣ ਲੱਗ ਪਿਆ: "ਬੁੱਲ੍ਹਾ ਕੀ ਜਾਣਾਂ ਮੈਂ ਕੌਣ?" ਮੇਰੀ ਮੈਂ ਆਪਣੇ ਆਪ ਬਾਰੇ ਕਿਵੇਂ ਸੋਚਣ ਲੱਗ ਪਈ? ਸੁਰਜੀਤ ਪਾਤਰ ਲਿਖਦੇ ਹਨ: "ਪਰਤ ਉੱਤਰੀ ਤਾਂ ਮੈਂ ਕਾਮ ਮੋਹ ਲੋਭ ਸਾਂ। ਹੋਰ ਉੱਤਰੀ ਤਾਂ ਜਲ ਖਾਕ ਅੱਗ ਪੌਣ ਸਾਂ। ਇਸ ਤੋਂ ਪਹਿਲਾਂ ਕਿ ਲੱਗਦਾ ਪਤਾ ਕੌਣ ਹਾਂ ਹੋ ਗਿਆ ਹੋਂਦ ਆਪਣੀ ਤੋਂ ਹੀ ਸੁਰਖ਼ਰੂ।" ਕੌਣ ਹਾਂ ਮੈਂ?

ਚਾਰ ਸੌ ਕਰੋੜ ਸਾਲ ਪਹਿਲਾਂ ਬੇਜਾਨ ਮਾਦੇ ਵਿਚ ਜੀਵਨ ਦੀ ਪਹਿਲੀ ਧੜਕਣ ਪੈਦਾ ਹੋਈ। ਪਰ ਇਹ ਜੀਵਨ (ਲਾਈਫ) ਹੈ ਕੀ, ਇਹ ਜਾਨਣਾ ਵੀ ਤਾਂ ਜ਼ਰੂਰੀ ਹੈ। ਬੇਜਾਨ ਮਾਦੇ ਦੀ ਉਹ ਸੰਗਠਨਕਾਰੀ, ਜੋ ਆਪਣੇ ਅੰਦਰਲੀ ਜਟਿਲਤਾ ਨੂੰ ਕਾਇਮ ਰੱਖਦਿਆਂ, ਆਪਣੇ ਆਪ ਨੂੰ ਰੈਪਲੀਕੇਟ ਕਰ ਸਕੇ ਭਾਵ ਆਪਣੀਆਂ ਕਾਪੀਆਂ ਤਿਆਰ ਕਰ ਸਕੇ, ਨੂੰ ਜੀਵਨ ਵਜੋਂ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ। ਜਟਿਲਤਾ ਦੀ ਮੇਨਟੇਨੈਂਸ ਅਤੇ ਰੈਪਲੀਕੇਸ਼ਨ ਹੀ ਜੀਵਨ ਦੀ ਪਛਾਣ ਹੈ। ਜਦੋਂ ਕੋਈ ਜੀਵ ਆਪਣੀ ਕਾਪੀ ਤਿਆਰ ਕਰਦਾ ਹੈ, ਉਹ ਆਪਣੀ ਦੇਹ (ਮਾਦੇ/ ਐਟਮਾਂ) ਨੂੰ ਰੈਪਲੀਕੇਟ ਨਹੀਂ ਕਰਦਾ। ਸਗੋਂ ਐਟਮਾਂ ਦੇ ਅਰੇਂਜਮੈਂਟ ਬਾਰੇ ਜਾਣਕਾਰੀ ਨੂੰ ਬਿਟਸ ਦੇ ਰੂਪ ਵਿਚ ਰੈਪਲੀਕੇਟ ਕਰਦਾ ਹੈ। ਉਹ ਡੀ ਐਨ ਏ ਵਿਚ ਜਮ੍ਹਾਂ ਪਈ ਜਾਣਕਾਰੀ (ਇਨਫਰਮੇਸ਼ਨ) ਨੂੰ ਰੈਪਲੀਕੇਟ ਕਰਦਾ ਹੈ। ਡੀ ਐਨ ਏ ਦੀ ਇਹ ਕਾਪੀ ਫੇਰ ਮਾਦੇ (ਐਟਮਾਂ) ਨੂੰ ਆਪਣੀ ਇਨਫਰਮੇਸ਼ਨ ਦੇ ਆਧਾਰ 'ਤੇ ਸ਼ੇਪ ਕਰ ਲੈਂਦੀ ਹੈ।

ਵੈਸੇ ਮੈਂ ਜੈਵਿਕ ਦੇਹੀ ਨੂੰ ਸੰਰਚਨਾ ਨਾਲੋਂ ਬੁੱਧੀਮਾਨ ਏਜੰਸੀ (ਇੰਟੈਲੀਜੈਂਟ ਏਜੰਸੀ) ਕਹਿਣਾਂ ਪਸੰਦ ਕਰਾਂਗਾ ਕਿਉਂਕਿ ਇਹ ਆਪਣੀਆਂ ਗਿਆਨ ਇੰਦਰੀਆਂ (ਸੈਂਸਰਜ਼) ਰਾਹੀਂ ਚੌਗਿਰਦੇ ਵਿਚੋਂ ਅਨੁਭਵ ਅਤੇ ਤਜਰਬੇ ਦੇ ਰੂਪ ਵਿਚ ਹਾਸਲ ਕੀਤੀ ਜਾਣਕਾਰੀ ਨੂੰ ਇਕੱਤਰ ਅਤੇ ਪਰਾਸੈਸ ਕਰਕੇ, ਉਸੇ ਚੌਗਿਰਦੇ ਵਿਚ ਅਡਜਸਟ ਹੋਣ, ਉਸ ਸਬੰਧੀ ਫੈਸਲੇ ਲੈਣ ਜਾਂ ਉਸ ਉੱਪਰ ਐਕਟ ਕਰਨ ਲਈ ਆਪਣੇ ਉਪਯੋਗ ਵਿਚ ਲਿਆਉਂਦੀ ਹੈ। ਜਟਿਲ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਇਸ ਜੈਵਿਕ ਸਮਰੱਥਾ ਨੂੰ ਹੀ ਇੰਟੈਲੀਜੈਂਟ ਏਜੰਸੀ ਕਿਹਾ ਗਿਆ ਹੈ।

ਜੇ ਤੁਸੀਂ ਇਕ ਸੈੱਲ ਵਾਲੇ ਅਮੀਬੇ ਵਰਗੇ ਕਿਸੇ ਜੀਵ ਅੱਗੇ ਪਾਣੀ ਵਿਚ ਚੀਨੀਂ ਦਾ ਤੁਪਕਾ ਪਾਓਗੇ ਤਾਂ ਉਹ ਉਸ ਵੱਲ ਤੈਰੇਗਾ। ਪਰ ਜੇ ਚੀਨੀ ਦੀ ਥਾਂ ਤਿਜ਼ਾਬ ਪਾਓਗੇ ਤਾਂ ਉਸ ਤੋਂ ਦੂਰ ਜਾਏਗਾ। ਇਹ ਉਸਨੇ ਆਪਣੇ ਅਨੁਭਵ ਅਤੇ ਤਜਰਬੇ ਰਾਹੀਂ ਸਿੱਖਿਆ ਹੈ। ਐਲਗੋਰਿਦਮਾਂ ਦੇ ਰੂਪ ਵਿਚ ਜੀਵਾਂ ਅੰਦਰ ਪ੍ਰੋਗਰਾਮ ਹੋਈ ਇਹ ਲਰਨਿੰਗ ਫੇਰ ਜੀਨਜ਼ ਰਾਹੀਂ ਅਗਲੀਆਂ ਪੁਸ਼ਤਾਂ ਨੂੰ ਵੀ ਟਰਾਂਸਫਰ ਹੋ ਜਾਂਦੀ ਹੈ। ਠੀਕ ਹੈ ਕਿ ਜੀਵਾਂ ਦੀ ਤਜ਼ਰਬੇ/ਅਨੁਭਵ ਦੇ ਰੂਪ ਵਿਚ ਇਹ ਲਰਨਿੰਗ, ਜਨੈਟਿਕ ਪ੍ਰਕਿਰਿਆ ਰਾਹੀਂ ਕੇਵਲ ਅਗਲੀਆਂ ਪੁਸ਼ਤਾਂ ਦੀ ਹੀ ਟਰਾਂਸਫਰ ਹੋ ਸਕਦੀ ਹੈ, ਪਰ ਮਾਨਵ ਇਸ ਲਰਨਿੰਗ ਦਾ ਭਾਸ਼ਾ ਰਾਹੀਂ ਸੁਚੇਤ ਪੱਧਰ 'ਤੇ ਆਪਣੇ ਭਾਈਚਾਰੇ ਵਿਚ ਤੁਰੰਤ ਸੰਚਾਰ ਕਰਨ ਦੀ ਜਿਹੜੀ ਯੋਗਤਾ ਰੱਖਦਾ ਹੈ, ਉਸ ਨੂੰ ਚੇਤਨਾ (ਕਾਨਸ਼ਸਨੈੱਸ) ਕਿਹਾ ਗਿਆ ਹੈ।

ਵੈਸੇ ਤਾਂ ਜੈਵਿਕਤਾ ਦੀ ਲਰਨਿੰਗ ਪ੍ਰਕਿਰਿਆ ਵੀ ਚੇਤਨਾ ਹੀ ਹੈ। ਪਰ ਕਿਉਂਕਿ ਉਨ੍ਹਾਂ ਕੋਲ ਚਿਹਨਕ ਭਾਸ਼ਾ ਨਹੀਂ ਹੁੰਦੀ, ਇਸ ਲਈ ਉਹ ਆਪਣੀ ਲਰਨਿੰਗ ਨੂੰ ਆਪਣੇ ਸੰਗੀ ਸਾਥੀਆਂ ਨਾਲ ਤੁਰੰਤ ਸਾਂਝਿਆਂ ਨਹੀਂ ਕਰ ਸਕਦੇ। ਕੇਵਲ ਜੀਨਜ਼ ਰਾਹੀਂ ਅਗਲੀਆਂ ਪੁਸ਼ਤਾਂ ਨੂੰ ਹੀ ਟਰਾਂਸਫਰ ਕਰਦੇ ਹਨ। ਪਰ ਮਾਨਵ ਕੋਲ ਜੀਨਜ਼ ਦੇ ਨਾਲ-ਨਾਲ ਸ਼ਬਦ (ਚਿਹਨਕ ਭਾਸ਼ਾ) ਵੀ ਹੈ ਜਿਸ ਨਾਲ ਉਹ ਆਪਣੀ ਲਰਨਿੰਗ ਕੇਵਲ ਅਗਲੀਆਂ ਪੁਸ਼ਤਾਂ ਨਾਲ ਹੀ ਨਹੀਂ, ਆਪਣੇ ਮਾਪਿਆਂ ਅਤੇ ਸੰਗੀ ਸਾਥੀਆਂ ਨਾਲ ਵੀ ਸਾਂਝਿਆਂ ਕਰ ਸਕਦਾ ਹੈ। ਚਿਹਨਕ ਭਾਸ਼ਾ ਦੀ ਅਣਹੋਂਦ ਕਾਰਨ ਅਸੀਂ ਗੈਰ-ਮਨੁੱਖੀ ਜੀਵਾਂ ਦੀ ਚੇਤਨਾ ਨੂੰ ਚੇਤਨਾ ਮੰਨਣ ਤੋਂ ਹੀ ਇਨਕਾਰੀ ਹੋ ਗਏ ਹਾਂ। ਜੇਕਰ ਮਾਨਵ ਦੂਸਰੇ ਜੀਵਾਂ ਤੋਂ ਭਿੰਨ ਹੈ ਤਾਂ ਕੇਵਲ ਆਪਣੀ ਚਿਹਨਕ ਭਾਸ਼ਾ ਕਾਰਨ ਹੀ ਭਿੰਨ ਹੈ। ਹੋਰ ਕੋਈ ਅੰਤਰ ਦਿਖਾਈ ਨਹੀਂ ਦਿੰਦਾ।

**ਜੀਵਨ ਵਿਕਾਸ ਦੇ ਤਿੰਨ ਪੜਾਅ:** ਜਗਤ ਪ੍ਰਸਿੱਧ ਵਿਗਿਆਨੀ ਮੈਕਸ ਟੈਗਮਾਰਕ ਦਾ ਮੰਨਣਾ ਹੈ ਕਿ ਬ੍ਰਹਿਮੰਡ ਵਾਂਗ ਜੀਵਨ ਵੀ ਹੌਲੀ-ਹੌਲੀ ਗੁੰਝਲਦਾਰ ਅਤੇ ਦਿਲਚਸਪ ਹੁੰਦਾ ਜਾ ਰਿਹਾ ਹੈ। ਉਹ ਆਪਣੀ ਪੁਸਤਕ ਜੀਵਨ 3.0 ਵਿਚ ਜੀਵਨ ਵਿਕਾਸ ਦੇ ਇਤਿਹਾਸ ਨੂੰ ਜੀਵਨ 1.0, ਜੀਵਨ 2.0 ਅਤੇ ਜੀਵਨ 3.0, ਦੇ ਤਿੰਨ ਪੜਾਵਾਂ ਵਿਚ ਵੰਡ ਕੇ ਦੇਖਦੇ ਹਨ।

ਅਸੀਂ ਜੀਵਨ 1.0 ਬਾਰੇ ਤਾਂ ਅਮੀਬੇ ਦੀ ਉਦਾਹਰਣ ਲੈ ਕੇ ਪਹਿਲਾਂ ਵੀ ਗੱਲ ਕਰ ਆਏ ਹਾਂ। ਅਸੀਂ

ਦੇਖਿਆ ਕਿ ਅਮੀਬੇ ਵਿਚ ਇਕ ਸੈਂਸਰ ਹੁੰਦਾ ਜੋ ਉਸਦੇ ਆਲੇ ਦੁਆਲੇ ਪਾਣੀ ਵਿਚ ਸ਼ੂਗਰ ਅਤੇ ਤੇਜ਼ਾਬ ਦੀ ਘਣਤਾ (ਕੌਂਸੈਂਟਰੇਸ਼ਨ) ਮਾਪਦਾ ਰਹਿੰਦਾ ਹੈ। ਫਲੈਗੇਲਾ ਨਾਮੀਂ ਪ੍ਰੋਪੈਲਰ ਦੀ ਸਹਾਇਤਾ ਨਾਲ ਸੈਂਸਰ ਦੁਆਰਾ ਦਿੱਤੀ ਜਾਣਕਾਰੀ ਦੇ ਆਧਾਰ ’ਤੇ ਉਹ ਸ਼ੂਗਰ ਵੱਲ ਅਤੇ ਤੇਜ਼ਾਬ ਤੋਂ ਦੂਰ ਜਾਂਦਾ ਹੈ। ਸੈਂਸਰ ਅਤੇ ਫਲੈਗੇਲਾ ਨੂੰ ਜੋੜਨ ਵਾਲਾ ਹਾਰਡਵੇਅਰ, ਉਸ ਸੋਝੀ ਦੇ ਆਧਾਰ ’ਤੇ ਕੰਮ ਕਰਦਾ ਹੈ, ਜੋ ਉਸਨੂੰ ਇਹ ਦੱਸਦੀ ਹੈ ਕਿ ਸ਼ੂਗਰ ਵੱਲ ਅਤੇ ਤੇਜ਼ਾਬ ਤੋਂ ਦੂਰ ਜਾਣਾ ਉਸਦੀ ਸਰਵਾਈਵਲ ਲਈ ਆਵੱਸ਼ਕ ਹੈ। ਉਸਦੇ ਭਲੇ ਵਿਚ ਹੈ। ਭਾਵੇਂ ਟੈੱਗਮਾਰਕ ਤਾਂ ਇਸ ਤਰ੍ਹਾਂ ਦਾ ਕੋਈ ਸੰਕੇਤ ਨਹੀਂ ਦਿੰਦੇ ਅਤੇ ਇਸ ਜੈਵਿਕ ਸੋਝੀ ਨੂੰ ਐਲਗੋਰਿਦਮ ਆਖ ਕੇ ਹੀ ਚੁੱਪ ਕਰ ਜਾਂਦੇ ਹਨ। ਪਰ ਮੇਰੀ ਸਮਝ ਮੁਤਾਬਿਕ ਭਲੇ ਬੁਰੇ ਦੀ ਇਹ ਸੋਝੀ ਹੀ ਕਾਨਸਨੈੱਸ ਹੈ।

ਟੈੱਗਮਾਰਕ ਆਖਦੇ ਹਨ ਕਿ ਅਮੀਬੇ ਦੀ ਇਹ ਲਰਨਿੰਗ, ਉਸ ਦੀਆਂ ਕਈ ਪੀੜ੍ਹੀਆਂ ਦੇ ਤਜਰਬੇ ਦੇ ਆਧਾਰ ’ਤੇ, ਕੁਦਰਤੀ ਚੋਣ ਰਾਹੀਂ ਉਸ ਦੇ ਡੀ.ਐਨ.ਏ. ਵਿਚ ਅੰਕਿਤ ਹੋ ਜਾਂਦੀ ਹੈ। ਏਥੋਂ ਉਹ ਇਹ ਨਤੀਜਾ ਕੱਢ ਲੈਂਦੇ ਹਨ ਕਿ ਅਮੀਬਾ ਆਪਣਾ ਸਾਫਟਵੇਅਰ ਖ਼ੁਦ ਡਿਜ਼ਾਈਨ ਨਹੀਂ ਕਰਦਾ। ਕੁਦਰਤੀ ਚੋਣ ਕਰਦੀ ਹੈ। ਡਾਰਵਿਨ ਵੀ ਇੰਝ ਹੀ ਸੋਚਦੇ ਸਨ। ਪਰ ਇਹ ਲਰਨਿੰਗ, ਕਿ ਤੇਜ਼ਾਬ ਤੋਂ ਦੂਰ ਸ਼ੂਗਰ ਵੱਲ ਤੈਰਨਾ ਉਸਦੀ ਸਰਵਾਈਵਲ ਲਈ ਜ਼ਰੂਰੀ ਹੈ, ਇਹ ਸੋਝੀ ਤਾਂ ਅਮੀਬੇ ਦੀ ਆਪਣੀ ਉਪਲਭਦੀ ਹੈ। ਸੋ, ਟੈੱਗਮਾਰਕ ਵਾਂਗ ਅਮੀਬੇ ਦੇ ਸਾਫਟਵੇਅਰ ਡਿਜ਼ਾਈਨ ਵਿਚ ਅਮੀਬੇ ਦੇ ਆਪਣੇ ਯੋਗਦਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਉਸਦੀ ਲਰਨਿੰਗ ਦੇ ਜਨੈਟਿਕ ਸੰਚਾਰ ਦੀਆਂ ਸਮੱਸਿਆਵਾਂ ਨੂੰ ਆਧਾਰ ਬਣਾ ਕੇ ਉਸਦੀ ਕਾਨਸ਼ਸਨੈੱਸ ਉੱਪਰ ਸੁਆਲ ਨਹੀਂ ਉਠਾਏ ਜਾ ਸਕਦੇ। ਟੈੱਗਮਾਰਕ ਅਮੀਬਾ ਵਰਗੇ ਗੈਰ-ਮਨੁੱਖੀ ਜੈਵਿਕ ਰੂਪਾਂ ਦੀ ਚੇਤਨਾ ਨੂੰ ਨਹੀਂ ਪਹਿਚਾਣ ਪਾਉਂਦੇ ਅਤੇ ਵਿਸ਼ਵਾਸ ਕਰਨ ਲੱਗ ਪੈਂਦੇ ਹਨ ਕਿ ਅਮੀਬਾ ਆਪਣਾ ਹਾਰਡਵੇਅਰ ਅਤੇ ਸਾਫਟਵੇਅਰ ਖੁਦ ਡਿਜ਼ਾਈਨ ਨਹੀਂ ਕਰਦਾ। ਇਸ ਲਈ ਉਹ ਗੈਰ-ਮਾਨਵੀ ਜੀਵਨ ਨੂੰ ਮਾਨਵੀ ਜੀਵਨ ਤੋਂ ਵਖਰਿਆ ਕੇ ਜੀਵਨ 1.0 ਦਾ ਨਾਮ ਦਿੰਦੇ ਹਨ।

ਦੂਸਰੇ ਪਾਸੇ ਉਨ੍ਹਾਂ ਦਾ ਮੰਨਣਾ ਹੈ ਕਿ ਤੁਹਾਡੇ ਤੇ ਮੇਰੇ ਵਰਗੇ ਮਾਨਵ, ਜਿਨ੍ਹਾਂ ਨੂੰ ਉਹ ਜੀਵਨ 2.0 ਦੀਆਂ ਉਦਾਹਰਣਾਂ ਵਜੋਂ ਪੇਸ਼ ਕਰਦੇ ਹਨ, ਆਪਣਾ ਸਾਫਟਵੇਅਰ ਖੁਦ ਡਿਜ਼ਾਈਨ ਕਰਦੇ ਹਨ। ਏਥੇ ਸਾਡੇ ਸਾਫਟਵੇਅਰ ਤੋਂ, ਉਨ੍ਹਾਂ ਦਾ ਮਤਲਬ ਉਨ੍ਹਾਂ ਸਾਰੇ ਐਲਗੋਰਿਦਮਾਂ ਤੋਂ ਹੈ ਜੋ ਅਸੀਂ ਆਪਣੀਆਂ ਗਿਆਨ ਇੰਦਰੀਆਂ ਤੋਂ ਮਿਲੀ ਜਾਣਕਾਰੀ ਅਤੇ ਉਸਦੀ ਪ੍ਰੋਸੈਸਿੰਗ ਰਾਹੀਂ ਫੈਸਲੇ ਕਰਨ ਲਈ ਵਰਤਦੇ ਹਾਂ। ਜਿਵੇਂ ਕਿ ਬੋਲਣਾ, ਲਿਖਣਾ, ਪੜ੍ਹਨਾ, ਗਾਉਣਾ, ਵਜਾਉਣਾ, ਪਛਾਨਣਾ, ਨੱਚਣਾ, ਵਾਹੁਣਾ, ਗਣਨਾ ਆਦਿ।

ਉਨ੍ਹਾਂ ਦਾ ਕਹਿਣਾ ਹੈ ਕਿ ਪੈਦਾ ਹੋਣ ਵੇਲੇ ਅਸੀਂ ਇਹਨਾਂ ਵਿਚੋਂ ਕੋਈ ਵੀ ਕੰਮ ਕਰਨ ਦੇ ਯੋਗ ਨਹੀਂ ਹੁੰਦੇ। ਇਹ ਸਾਰੇ ਸਾਫਟਵੇਅਰ ਬਾਅਦ ਵਿਚ ਸਾਡੇ ਦਿਮਾਗ ਵਿਚ ਉਸ ਪ੍ਰਕਿਰਿਆ ਰਾਹੀਂ ਪ੍ਰੋਗਰਾਮ ਕੀਤੇ ਜਾਂਦੇ ਹਨ ਜਿਸਨੂੰ ਅਸੀਂ ਸਿੱਖਿਆ (ਲਰਨਿੰਗ) ਕਹਿੰਦੇ ਹਾਂ। ਉਹ ਉਦਾਹਰਣ ਦੇ ਕੇ ਦੱਸਦੇ ਹਨ ਕਿ ਉਨ੍ਹਾਂ ਦਾ ਫ੍ਰੈਂਚ ਸਿੱਖਣ ਦਾ ਅਰਥ ਹੈ ਆਪਣੇ ਦਿਮਾਗ ਵਿਚ ਉਹ ਸਾਫਟਵੇਅਰ ਮਾਡਿਊਲ ਸਥਾਪਿਤ ਕਰਨਾ ਜੋ ਉਨ੍ਹਾਂ ਨੂੰ ਫ੍ਰੈਂਚ ਬੋਲਣ ਅਤੇ ਲਿਖਣ ਪੜ੍ਹਨ ਦੇ ਯੋਗ ਬਣਾਉਂਦਾ ਹੈ। ਇਸੇ ਤਰ੍ਹਾਂ ਉਹ ਆਖਦੇ ਹਨ ਕਿ ਜੇ ਤੁਸੀਂ ਸ਼ਤਰੰਜ ਖੇਡਣਾ ਚਾਹੁੰਦੇ ਹੋ ਤਾਂ ਤੁਹਾਨੂੰ ਲਰਨਿੰਗ ਰਾਹੀਂ ਆਪਣੇ ਦਿਮਾਗ ਵਿਚ ਉਹ ਸਾਫਟਵੇਅਰ ਸਥਾਪਿਤ ਕਰਨਾ ਪਵੇਗਾ ਜੋ ਤੁਹਾਨੂੰ ਸ਼ਤਰੰਜ ਖੇਡਣ ਦੇ ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਹੀ ਆਪਣਾ ਸਾਫਟਵੇਅਰ ਆਪ ਡਿਜ਼ਾਈਨ ਕਰਨ ਦੀ ਯੋਗਤਾ ਨੂੰ ਉਹ ਲਾਈਫ 2.0 ਆਖ ਕੇ ਕਾਨਸ਼ਸਨੈੱਸ ਨਾਲ ਜੋੜ ਦਿੰਦੇ ਹਨ।

ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਿ ਇਸ ਤਰ੍ਹਾਂ ਦੀ ਸਾਫਟਵੇਅਰ ਡਿਜ਼ਾਈਨਿੰਗ ਲਾਈਫ 2.0 ਦੀ ਕਾਨਸ਼ਸਨੈੱਸ ਦਾ ਨਹੀਂ, ਸਗੋਂ ਚਿਹਨਕ ਭਾਸ਼ਾ ਦੀ ਸ਼ਬਦ ਯੋਗਤਾ ਦਾ ਕਮਾਲ ਹੈ। ਸ਼ਬਦ ਪ੍ਰਕਿਰਿਆ ਦਾ ਕਮਾਲ ਹੈ। ਸੋ ਲਾਈਫ 1.0 ਅਤੇ ਲਾਈਫ 2.0 ਵਿਚਕਾਰ ਕੇਵਲ ਸੰਚਾਰ ਵਿਧੀ ਦਾ ਹੀ ਅੰਤਰ ਹੈ, ਕਾਨਸ਼ਸਨੈੱਸ ਦਾ ਨਹੀਂ। ਟੈੱਗਮਾਰਕ ਵਰਗੇ ਵਿਦਵਾਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਲਾਈਫ 1.0 ਆਪਣੀ ਸਿੱਖਿਆ/ਸੂਝ ਪ੍ਰਾਪਤੀ ਨੂੰ ਕੇਵਲ ਜਨੈਟਿਕ ਭਾਸ਼ਾ ਰਾਹੀਂ ਹੀ ਸੰਚਾਰ ਕਰਦੀ ਹੈ ਜਦੋਂ ਕਿ ਲਾਈਫ 2.0 ਜਨੈਟਿਕ ਭਾਸ਼ਾ ਦੇ ਨਾਲ ਨਾਲ ਚਿਹਨਕ ਭਾਸ਼ਾ (ਸ਼ਬਦ) ਰਾਹੀਂ ਵੀ ਸੰਚਾਰ ਕਰਨ ਦੀ ਯੋਗਤਾ ਪ੍ਰਾਪਤ ਕਰ ਲੈਂਦੀ ਹੈ। ਬਿਨਾ ਸ਼ੱਕ ਚਿਹਨਕ ਭਾਸ਼ਾ ਸਾਨੂੰ ਬਹੁਤ ਸਮਾਰਟ ਬਣਾ ਦਿੰਦੀ ਹੈ। ਇਹ ਸਮਾਰਟਨੈੱਸ ਚੇਤਨਾ ਨਹੀਂ।

ਅਸੀਂ ਸਭ ਕੁਝ ਜਨਮ ਸਮੇਂ ਸਿੱਖ ਕੇ ਹੀ ਇਸ ਧਰਤੀ ’ਤੇ ਨਹੀਂ ਆਉਂਦੇ। ਬਹੁਤਾ ਕੁੱਝ ਤਾਂ ਜਨਮ ਬਾਅਦ ਸਿੱਖਿਆ ਰਾਹੀਂ ਹੀ ਗ੍ਰਹਿਣ ਕਰਦੇ ਹਾਂ। ਇਹ ਲਾਭਕਾਰੀ ਗੱਲ ਹੈ ਕਿਉਂਕਿ ਸਾਡੀ ਸਿੱਖਿਆ/ ਸੋਝੀ

ਜਨਮ ਵੇਲੇ ਪ੍ਰਾਪਤ ਹੋਣ ਵਾਲੀ ਸਿੱਖਿਆ/ ਸੋਝੀ ਤਕ ਹੀ ਸੀਮਿਤ ਨਹੀਂ ਰਹਿੰਦੀ। ਜਨਮ ਵੇਲੇ ਸਾਡੇ ਡੀ ਐਨ ਏ ਵਿਚ ਕੇਵਲ ਇਕ ਗੈਗਾਬਾਈਟ ਇਨਫਰਮੇਸ਼ਨ ਸਟੋਰ ਹੋਈ ਹੁੰਦੀ ਹੈ ਜਦੋਂ ਕਿ ਬਾਅਦ ਵਿਚ ਸਾਡਾ ਦਿਮਾਗ 100 ਟੈਰਾਬਾਈਟ ਤਕ ਜਾਣਕਾਰੀ ਸਟੋਰ ਕਰ ਲੈਂਦਾ ਹੈ।

ਸ਼ਬਦ ਦੀ ਭਾਸ਼ਾ ਜੀਨ ਦੀ ਭਾਸ਼ਾ ਦੇ ਮੁਕਾਬਲੇ ਲਾਈਫ਼ 2.0 ਨੂੰ ਕੇਵਲ ਸਮਾਰਟ ਹੀ ਨਹੀਂ ਬਣਾਉਂਦੀ, ਸਗੋਂ ਵਧੇਰੇ ਲਚਕਦਾਰ ਵੀ ਬਣਾ ਦਿੰਦੀ ਹੈ। ਜਦੋਂ ਕਿਸੇ ਜੀਵ ਦਾ ਵਾਤਾਵਰਣ ਤਬਦੀਲ ਹੁੰਦਾ ਹੈ ਤਾਂ ਉਸ ਜੀਵ ਨੂੰ ਜਨੈਟਿਕ ਭਾਸ਼ਾ ਰਾਹੀਂ ਉਸ ਵਾਤਾਵਰਣ ਅਨੁਸਾਰ ਢਲਣ ਵਿਚ ਕਈ ਪੀੜ੍ਹੀਆਂ ਲੱਗ ਜਾਂਦੀਆਂ ਹਨ। ਦੂਜੇ ਪਾਸੇ, ਸ਼ਬਦ ਦੀ ਭਾਸ਼ਾ ਰਾਹੀਂ ਅਸੀਂ ਆਪਣੇ ਸਾਫਟਵੇਅਰ ਨੂੰ ਅਪਡੇਟ ਕਰਕੇ ਆਪਣੇ ਆਪ ਨੂੰ ਉਸ ਨਵੇਂ ਵਾਤਾਵਰਣ ਅਨੁਸਾਰ ਤੁਰੰਤ ਢਾਲ ਲੈਂਦੀ ਹੈ। ਉਦਾਹਰਣ ਦੇ ਤੌਰ ’ਤੇ ਜੇ ਕੋਈ ਜਾਨਵਰ ਗਰਮ ਮੌਸਮ ਵਿਚੋਂ ਸਰਦ ਮੌਸਮ ਵਿਚ ਮਾਈਗਰੇਟ ਕਰ ਜਾਂਦਾ ਹੈ, ਤਾਂ ਉਸਨੂੰ ਸਰਦ ਰੁੱਤ ਦਾ ਟਾਕਰਾ ਕਰਨ ਲਈ ਆਪਣੇ ਸ਼ਰੀਰ ਉੱਪਰ ਜੱਤ ਉਗਾਉਂਣ ਲਈ ਡੀ ਐਨ ਏ ਵਿਚ ਲੋੜੀਂਦੀਆਂ ਤਬਦੀਲੀਆਂ ਲਿਆਉਂਣ ਵਾਸਤੇ ਕਈ ਪੁਸ਼ਤਾਂ ਲੱਗ ਜਾਣਗੀਆਂ। ਪਰ ਇਸ ਦੇ ਮੁਕਾਬਲੇ ਮਨੁੱਖ ਤੁਰੰਤ ਜਾਣ ਲਏਗਾ ਕਿ ਗਰਮ ਕੱਪੜੇ ਪਹਿਨ ਕੇ ਸਰਦੀ ਦਾ ਆਸਾਨੀ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ ਤੇ ਉਹ ਉਸੇ ਵਕਤ ਅਜਿਹਾ ਕਰ ਵੀ ਲਵੇਗਾ।

ਸ਼ਬਦ ਦੀ ਭਾਸ਼ਾ ਰਾਹੀਂ ਲਿਖਣ ਪੜ੍ਹਨ ਦਾ ਸਾਫਟਵੇਅਰ ਅਪਲੋਡ ਹੋਣ ਬਾਅਦ ਮਨੁੱਖ ਜਾਤੀ ਆਪਣੇ ਸਮੁੱਚੇ ਗਿਆਨ ਨੂੰ ਕਿਤਾਬਾਂ ਕੰਪਿਊਟਰਾਂ ਵਿਚ ਜਮ੍ਹਾਂ ਕਰਕੇ ਹਮੇਸ਼ਾ ਲਈ ਇਸਤੇਮਾਲ ਕਰ ਸਕਦੀ ਹੈ। ਮਨੁੱਖ ਦੇ ਦਿਮਾਗ ਵਿਚ ਪਈ ਜਾਣਕਾਰੀ ਕਿਤਾਬਾਂ ਕੰਪਿਊਟਰਾਂ ਵਿਚ ਸਟੋਰ ਹੋਣ ਬਾਅਦ, ਹੋਰਨਾਂ ਦੇ ਇਸਤੇਮਾਲ ਲਈ, ਉਸ ਵਿਅਕਤੀ ਦੀ ਮੌਤ ਬਾਅਦ ਵੀ ਸੁਰੱਖਿਅਤ ਪਈ ਰਹਿੰਦੀ ਹੈ। ਸ਼ਬਦ ਦੀ ਇਸ ਯੋਗਤਾ ਕਾਰਨ ਹੀ ਮਨੁੱਖ ਇਸ ਧਰਤੀ ਤੇ ਆਪਣੀ ਸੱਤਾ ਸਥਾਪਿਤ ਕਰਨ ਦੇ ਸਮਰੱਥ ਹੋਇਆ ਹੈ। ਮਾਨਵ ਜਾਤੀ ਦਾ ਤੇਜ਼ ਰਫਤਾਰ ਨਾਲ ਵਧ ਰਿਹਾ ਸੰਯੁਕਤ ਗਿਆਨ ਉਸਦੀ ਹਰ ਸਫਲਤਾ ਨੂੰ ਅਗਲੀ ਸਫਲਤਾ ਦੇ ਸਮਰੱਥ ਬਣਾ ਦਿੰਦਾ ਹੈ।

ਸ਼ਬਦ, ਸਵੈ, ਕਾਲ-ਬੱਧਤਾ ਅਤੇ ਕਾਨਸ਼ਸਨੈੱਸ: ਸਵੈ ਦਾ ਉਦਭਵ ਅਤੇ ਕਾਲ-ਬੱਧਤਾ ਚਿਹਨਕ ਭਾਸ਼ਾ ਦੀ ਵਿਆਕਰਣ ਰਾਹੀਂ ਨਿਰਮਿਤ ਹੁੰਦੇ ਹਨ ਤੇ ਕਾਨਸ਼ਸਨੈੱਸ ਕਾਲ-ਬੱਧਤਾ ਰਾਹੀਂ। “ਮੈਂ ਇਕ ਖੂੰਖਾਰ ਸ਼ੇਰ ਨੂੰ ਆਪਣੇ ਵੱਲ ਆਉਂਦਾ ਹੋਇਆ ਦੇਖ ਰਿਹਾ ਹਾਂ, ਇਸ ਲਈ ਮੈਂ ਉਸਦਾ ਸ਼ਿਕਾਰ ਕਰਨ ਲਈ ਅੱਗ ਬਾਲ ਲੈਂਦਾ ਹਾਂ ਤੇ ਫੇਰ ਉਸਦੇ ਪਿੱਛੇ ਲੁਕ ਕੇ ਬੰਦੂਕ ਤਾਣ ਲੈਂਦਾ ਹਾਂ।” ਮਨੁੱਖ ਨੇ ਕਿਸੇ ਸਮੇਂ ਆਪਣੀ ਸਰਵਾਈਵਲ ਸਬੰਧੀ ਲਰਨਿੰਗ ਨੂੰ ਅਜਿਹੀ ਭਾਸ਼ਾ ਜ਼ਰੂਰ ਦਿੱਤੀ ਹੋਵੇਗੀ। ਆਪਣੀ ਹੋਂਦ ਬਾਰੇ ਤਾਂ ਸ਼ੇਰ ਵੀ ਸੁਚੇਤ ਹੈ। ਇਸੇ ਲਈ ਉਹ ਆਪਣੀ ਸਰਵਾਈਵਲ ਲਈ ਸ਼ਿਕਾਰ ’ਤੇ ਨਿਕਲਿਆ ਹੈ। ਪਰ ਮੇਰੀ 'ਮੈਂ' ਸਬਜੈਕਟ ਵਜੋਂ ਪਹਿਲੀ ਵਾਰ ਭਾਸ਼ਾ ਰਾਹੀਂ ਮਨੁੱਖ ਅੰਦਰ ਹੀ ਪ੍ਰਗਟ ਹੁੰਦੀ ਹੈ। ਮੇਰੀ 'ਮੈਂ' (ਸਬਜੈਕਟ) ਚੇਤਨਾ ਰਾਹੀਂ ਨਹੀਂ, ਸ਼ਬਦ (ਚਿਹਨਕ ਭਾਸ਼ਾ) ਰਾਹੀਂ ਪ੍ਰਗਟ ਹੁੰਦੀ ਹੈ। ਚੇਤਨਾ ਤਾਂ ਸਬਜੈਕਟ ਦੇ ਪ੍ਰਗਟ ਹੋਣ ਤੋਂ ਪਹਿਲਾਂ ਸ਼ੇਰ ਵਿਚ ਵੀ ਮੌਜੂਦ ਸੀ। ਚੇਤਨਾ ਅਤੇ ਆਪੇ ਨੂੰ ਅਲੱਗ-ਅਲੱਗ ਕਰਕੇ ਦੇਖਣ ਦੀ ਲੋੜ ਹੈ। ਆਪਾ ਚੇਤਨਾ ਕਾਰਨ ਨਹੀਂ। ਨਾ ਹੀ ਚੇਤਨਾ ਆਪੇ ਕਾਰਨ ਹੈ।

ਜੇਕਰ ਮਨੁੱਖ ਦੀ ਥਾਂ ਕੋਈ ਹੋਰ ਜਾਨਵਰ ਸ਼ੇਰ ਨੂੰ ਆਪਣੇ ਵੱਲ ਆਉਂਦਾ ਦੇਖ ਰਿਹਾ ਹੁੰਦਾ, ਤਾਂ ਉਸਨੇ ਆਪਣੀ ਜਾਨ ਬਚਾਉਣ ਲਈ ਉੱਥੋਂ ਦੌੜ ਜਾਣਾ ਸੀ। ਦੌੜਨ ਦਾ ਕਾਰਜ ਉਸਦੇ ਡਰ (ਕਾਰਨ) ਦੀ ਉਪਜ ਹੈ। ਡਰ ਅਤੇ ਦੌੜਨ ਦੀਆਂ ਦੋਨੋਂ ਘਟਨਾਵਾਂ ਦੋ ਵਰਤਮਾਨ ਪਲਾਂ ਵਿਚ ਵਾਪਰਦੀਆਂ ਹਨ। ਚਿਹਨਕ ਭਾਸ਼ਾ ਦਾ ਵਿਆਕਰਣਕ ਢਾਂਚਾ ਜਨੈਟਿਕ ਭਾਸ਼ਾ ਦੀ ਕਾਰਣਕਤਾ ਨੂੰ ਉਦੇਸ਼-ਪੂਰਕਤਾ ਵਿਚ ਤਬਦੀਲ ਕਰ ਦਿੰਦਾ ਹੈ। ਮਨੁੱਖ ਨੂੰ ਕੋਈ ਭੁੱਖ ਨਹੀਂ ਲੱਗੀ ਹੋਈ। ਉਹ ਤਦ ਵੀ ਸ਼ੇਰ ਦਾ ਸ਼ਿਕਾਰ ਕਰਨ ਬਾਰੇ ਸੋਚਦਾ ਹੈ। ਸ਼ਿਕਾਰ ਕਰਨ ਦੀ ਚਾਹਨਾਂ ਭੁੱਖ ਦੀ ਕਾਰਣਕਤਾ ਵਿਚੋਂ ਨਹੀਂ,ਉਸਦੀ ਉਦੇਸ਼ ਪੂਰਕਤਾ ਵਿਚੋਂ ਜਨਮ ਲੈਂਦੀ ਹੈ। ਵਰਤਮਾਨ ਪਲ ਵਿਚ ਵਾਪਰ ਰਹੀ ਭਵਿੱਖ ਦੀ ਕਲਪਨਾ ਵਿਚੋਂ। ਉਸਦੀ ਵਰਤਮਾਨ ਯਾਦ ਵਿਚ ਪਏ ਅਤੀਤ ਦੇ ਤਜ਼ਰਬੇ ਉਸ ਨੂੰ ਦੱਸਦੇ ਹਨ ਕਿ ਅੱਗ ਪਿੱਛੇ ਲੁਕ ਕੇ ਬੰਦੂਕ ਨਾਲ ਸ਼ੇਰ ਦਾ ਸ਼ਿਕਾਰ ਕੀਤਾ ਜਾ ਸਕਦਾ ਹੈ। ਮਨੁੱਖ ਦੀ ਚਿਹਨਕ ਭਾਸ਼ਾ ਉਸਦੇ ਵਰਤਮਾਨ ਪਲ ਨੂੰ ਭਵਿੱਖ (ਉਦੇਸ਼ਪੂਰਕਤਾ), ਅਤੀਤ (ਯਾਦ) ਅਤੇ ਵਰਤਮਾਨ (ਕਾਰਜ) ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ।

**ਹਾਰਡਵੇਅਰ**: ਟੈੱਗਮਾਰਕ ਆਖਦੇ ਹਨ ਕਿ ਮਨੁੱਖ ਕੋਲ ਆਪਣਾ ਸਾਫਟਵੇਅਰ ਡਿਜ਼ਾਈਨ ਕਰਨ ਦੀ

ਸਮਰੱਥਾ ਤਾਂ ਹੈ, ਪਰ ਹਾਰਡਵੇਅਰ ਡਿਜ਼ਾਈਨ ਕਰਨ ਦੀ ਨਹੀਂ। ਤਕਨਾਲੋਜੀ ਦੇ ਏਨੀ ਵੱਡੀ ਪੱਧਰ ’ਤੇ ਵਿਕਾਸ ਦੇ ਬਾਵਜੂਦ ਉਹ ਟਾਈਮ-ਸਪੇਸ ਵਿਚ ਵੱਡੀਆਂ ਉਡਾਰੀਆਂ ਨਹੀਂ ਭਰ ਸਕਦਾ। ਨਾ ਉਹ ਲੱਖਾਂ ਸਾਲ ਜੀ ਸਕਦਾ ਹੈ। ਨਾ ਸਾਰਾ ਵਿਕੀਪੀਡੀਆ ਯਾਦ ਰੱਖ ਸਕਦਾ ਹੈ। ਤੇ ਨਾ ਹੀ ਦੂਸਰੇ ਗ੍ਰਹਿਆਂ ’ਤੇ ਜਾ ਕੇ ਵੱਸ ਸਕਦਾ ਹੈ। ਆਪਣੀ ਦੇਹੀ ਦੀਆਂ ਜੈਵਿਕ ਸੀਮਾਵਾਂ ਕਾਰਨ ਮਨੁੱਖ ਵਿਚ ਏਨੀ ਸਮਰੱਥਾ ਨਹੀਂ ਕਿ ਉਹ ਬ੍ਰਹਿਮੰਡ ਵਿਚ ਫੈਲ ਕੇ ਉਸ ਅੰਦਰ ਜੈਵਿਕਤਾ ਅਤੇ ਚੇਤਨਾ ਦਾ ਸੰਚਾਰ ਕਰ ਸਕੇ। ਅਜਿਹਾ ਕਰਨ ਲਈ ਜੀਵਨ ਨੂੰ ਆਪਣੇ ਅੰਦਰ ਸਾਫਟਵੇਅਰ ਦੇ ਨਾਲ ਨਾਲ ਆਪਣਾ ਹਾਰਡਵੇਅਰ ਡਿਜ਼ਾਈਨ/ਨਿਰਮਾਣ ਕਰਨ ਦੀ ਯੋਗਤਾ ਵੀ ਪੈਦਾ ਕਰਨੀ ਹੋਵੇਗੀ। ਅਸੀਂ ਛੋਟੇ ਹਾਰਡਵੇਅਰ ਤਾਂ ਅਪਗ੍ਰੇਡ ਕਰਨੇ ਸ਼ੁਰੂ ਕਰ ਦਿੱਤੇ ਹਨ ਜਿਵੇਂ ਕਿ ਨਕਲੀ ਦੰਦ, ਗੋਡੇ ਅਤੇ ਪੇਸਮੇਕਰ ਆਦਿ, ਪਰ ਹਜ਼ਾਰ ਗੁਣਾ ਵੱਡਾ ਦਿਮਾਗ ਪ੍ਰਾਪਤ ਕਰਨਾ ਹਾਲੇ ਸੰਭਵ ਨਹੀਂ ਹੋਇਆ।

ਬ੍ਰਹਿਮੰਡ ਦੇ 1380 ਕਰੋੜ ਸਾਲਾਂ ਦੇ ਵਿਕਾਸ ਬਾਅਦ, ਅੱਜ ਧਰਤੀ 'ਤੇ ਜੀਵਨ ਬਹੁਤ ਹੀ ਨਾਟਕੀ ਢੰਗ ਨਾਲ ਤਬਦੀਲ ਹੋ ਰਿਹਾ ਹੈ। ਜੀਵਨ 1.0 ਲਗਭਗ 4 ਅਰਬ ਸਾਲ ਪਹਿਲਾਂ ਉਦੈ ਹੋਇਆ ਸੀ ਤੇ ਮਨੁੱਖ ਦੇ ਰੂਪ ਵਿਚ ਜੀਵਨ 2.0 ਲਗਭਗ ਇਕ ਲੱਖ ਸਾਲ ਪਹਿਲਾਂ। ਬਹੁਤੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਸਾਫਟਵੇਅਰ ਦੇ ਨਾਲ ਨਾਲ ਆਪਣਾ ਹਾਰਡਵੇਅਰ ਖੁਦ ਡਿਜ਼ਾਈਨ ਕਰਨ ਵਾਲਾ ਜੀਵਨ 3.0 ਆਉਣ ਵਾਲੀ ਸਦੀ ਦੇ ਆਰੰਭਲੇ ਦਹਾਕਿਆਂ ਵਿਚ ਆ ਸਕਦਾ ਹੈ।

ਮਿਚਿਊ ਕਾਕੂ ਵਰਤਮਾਨ ਸਮਿਆਂ ਦੇ ਵੱਡੇ ਭੌਤਿਕ ਵਿਗਿਆਨੀ ਹਨ। ਉਹ ਆਪਣੀ ਪੁਸਤਕ 'ਮਾਨਵਤਾ ਦਾ ਇਤਿਹਾਸ' ਵਿਚ ਹੁਣ ਤੋਂ ਲੈ ਕੇ ਬ੍ਰਹਿਮੰਡ ਦੀ ਹੀਟ ਡੈੱਥ ਤਕ ਮਾਨਵਤਾ ਦੇ ਅਰਬਾਂ ਖਰਬਾਂ ਸਾਲਾਂ ਦੇ ਭਵਿੱਖ ਨੂੰ ਤਿੰਨ ਪੜਾਵਾਂ ਵਿਚ ਵੰਡ ਕੇ ਦੇਖਦੇ ਹਨ। ਊਰਜਾ ਦੀ ਖਪਤ ਦੇ ਆਧਾਰ 'ਤੇ ਅਨੁਮਾਨ ਲਗਾ ਕੇ ਉਹ ਦੱਸਦੇ ਹਨ ਕਿ ਹਾਲੇ ਅਸੀਂ ਮਾਨਵ ਇਤਿਹਾਸ ਦੇ ਬਚਪਨ ਵਿਚ ਹੀ ਘੁੰਮ ਰਹੇ ਹਾਂ। ਉਨ੍ਹਾਂ ਦੇ ਕਹਿਣ ਮੁਤਾਬਿਕ ਮਾਨਵੀ ਸਭਿਅਤਾ ਦੀ ਅਗਲੀ ਸਟੇਜ ਉਦੋਂ ਸ਼ੁਰੂ ਹੋਵੇਗੀ ਜਦੋਂ ਅਸੀਂ ਇਸ ਧਰਤੀ ’ਤੇ ਪੈ ਰਹੀ ਸੂਰਜ ਦੀ ਸਮੁੱਚੀ ਊਰਜਾ (7*10^17 ਵਾਟ) ਨੂੰ ਉਪਯੋਗ ਵਿਚ ਲਿਆਉਂਣਾ ਸ਼ੁਰੂ ਕਰਾਂਗੇ। ਇਹ ਖਪਤ ਸਾਡੀ ਮੌਜੂਦਾ ਖਪਤ ਨਾਲੋਂ ਇਕ ਲੱਖ ਗੁਣਾਂ ਵਧੇਰੇ ਹੈ। ਉਸ ਤੋਂ ਅਗਲੀ ਸਟੇਜ ਉਹ ਉਸਨੂੰ ਮੰਨਦੇ ਹਨ ਜਦੋਂ ਸੂਰਜ 'ਚੋਂ ਪੈਦਾ ਹੋਣ ਵਾਲੀ ਸਾਰੀ ਊਰਜਾ (4*10^26 ਵਾਟ) ਇਸਤੇਮਾਲ ਹੋਣੀ ਸ਼ੁਰੂ ਹੋਵੇਗੀ। ਤੀਜੀ ਸਟੇਜ ਉਹ ਹੈ ਜਿੱਥੇ ਆਕਾਸ਼ ਗੰਗਾ (ਗਲੈਕਸੀ) ਦੀ ਸਮੁੱਚੀ ਊਰਜਾ (4*10^37 ਵਾਟ) ਇਸਤੇਮਾਲ ਹੋਣ ਲੱਗੇਗੀ। ਮੇਰੀ ਸਮਝ ਮੁਤਾਬਿਕ ਇਸਨੂੰ ਮਾਨਵ ਇਤਿਹਾਸ ਦੀਆਂ ਸਟੇਜਾਂ ਨਾਲੋਂ ਜੀਵਨ 3.0 ਦੇ ਇਤਿਹਾਸ ਦੀਆਂ ਸਟੇਜਾਂ ਆਖਣਾ ਵਧੇਰੇ ਦਰੁਸਤ ਹੋਵੇਗਾ। ਇਹ ਸਟੇਜਾਂ ਤਾਂ ਹੀ ਅਚੀਵ ਹੋਣਗੀਆਂ ਜੇ ਜੀਵਨ 3.0 ਸਮੁੱਚੇ ਬ੍ਰਹਿਮੰਡ ਵਿਚ ਫੈਲੇਗਾ। ਸਮੁੱਚੇ ਬ੍ਰਹਿਮੰਡ ਵਿਚ ਜੀਵਨ ਅਤੇ ਚੇਤਨਾ ਦਾ ਫੈਲਾਅ ਹੀ ਬ੍ਰਹਿਮੰਡ ਨੂੰ ਉਸਦੇ ਅੰਤਿਮ ਲਕਸ਼ ’ਤੇ ਪੁਚਾਏਗਾ। ਸਰਗੁਣ ਦੇ ਨਿਰਗੁਣ ਵਿਚ ਭਸਮ ਹੋਣ ਦੇ ਲਕਸ਼ ਤੱਕ। ਊਰਜਾ ਦੀ ਖਪਤ ਅਤੇ ਗਿਅਨ ਦੀ ਪੈਦਾਵਾਰ ਵਿਚ ਨਿਰੰਤਰ ਵਾਧੇ ਰਾਹੀਂ।

**ਕਾਲ ਅਕਾਲ ਅਤੇ ਸਰਗੁਣ ਨਿਰਗੁਣ:** ਇਹ ਤਾਂ ਅਸੀਂ ਸਮਝ ਲਿਆ ਕਿ ਜੀਵਨ ਅਤੇ ਚੇਤਨਾਂ ਦੇ ਸਮੁੱਚੇ ਬ੍ਰਹਿਮੰਡ ਵਿਚ ਫੈਲਾਅ ਲਈ, ਤਾਂ ਜੋ ਊਰਜਾ ਦੀ ਖਪਤ ਅਤੇ ਗਿਆਨ ਦੀ ਪੈਦਾਵਾਰ ਵਿਚ ਨਿਰੰਤਰ ਵਾਧੇ ਰਾਹੀਂ, ਸਰਗੁਣ ਹੋਂਦ ਮੁੜ ਤੋਂ ਨਿਰਗੁਣ ਵਿਚ ਸਮਾ ਸਕੇ, ਜੀਵਨ 2.0 ਜੀਵਨ 3.0 ਵੱਲ ਤੇਜ਼ੀ ਨਾਲ ਵਧ ਰਿਹਾ ਹੈ,ਪਰ ਸਾਨੂੰ ਇਹ ਵੀ ਤਾਂ ਸਮਝਣਾ ਪਵੇਗਾ ਕਿ ਨਿਰਗੁਣ ਦਾ ਸਰਗੁਣ ਅਤੇ ਸਰਗੁਣ ਦਾ ਮੁੜ ਨਿਰਗੁਣ ਵਿਚ ਰੂਪਾਂਤ੍ਰਣ ਕੇਵਲ ਇਤਿਹਾਸਕ ਸੱਚਾਈ ਨਹੀਂ, ਇਕ ਅਕਾਲਿਕ ਸੱਚਾਈ ਵੀ ਹੈ। ਸਰਗੁਣ ਦੇ ਹੋਂਦ ਵਿਚ ਆਉਣ ਬਾਅਦ ਨਿਰਗੁਣ ਅਵਸਥਾ ਖਤਮ ਨਹੀਂ ਹੋ ਜਾਂਦੀ। ਨਿਰਗੁਣ ਅਤੇ ਸਰਗੁਣ ਸੱਚਾਈ ਦੇ ਦੋ ਸਮਾਨੰਤਰ ਰੂਪ ਹਨ। ਜਿਵੇਂ ਕੁਅੰਟਮ ਮਕੈਨਿਕਸ ਵਿਚ ਇਹ ਦੇਖਣ ਵਾਲੇ ਦਰਸ਼ਕ ’ਤੇ ਨਿਰਭਰ ਕਰਦਾ ਹੈ ਕਿ ਉਸਨੇ ਫੋਟੋਨ ਨੂੰ ਪਾਰਟੀਕੁਲੇਟ ਫੌਰਮ ਵਿਚ ਦੇਖਣਾ ਹੈ ਜਾਂ ਵੇਵ ਫੌਰਮ ਵਿਚ। ਬਿਲਕੁਲ ਇਸੇ ਤਰਾਂ ਇਹ ਮਨੁੱਖ ਦੀ ਮਾਨਸਿਕ/ ਅਧਿਆਤਮਕ ਅਵਸਥਾ ’ਤੇ ਨਿਰਭਰ ਕਰੇਗਾ ਕਿ ਕੀ ਉਹ ਕੇਵਲ ਸਮੁੱਚਤਾ ਦੇ ਸਰਗੁਣ ਸਰੂਪ ਦਾ ਹੀ ਅਨੁਭਵ ਕਰਦਾ ਹੈ ਜਾਂ ਉਸਦੇ ਨਿਰਗੁਣ ਸਰੂਪ ਦਾ ਵੀ।

ਜਦੋਂ ਸਿਧ ਗੁਰੂ ਸਾਹਿਬ ਨੂੰ ਸੁਆਲ ਕਰਦੇ ਹਨ ਕਿ ਇਹ ਕਾਲ-ਬੱਧ ਸੰਸਾਰ ਕਿਵੇਂ ਉਪਜਦਾ ਹੈ, ਤਾਂ ਉਹ ਬੜੇ ਸਪਸ਼ਟ ਢੰਗ ਨਾਲ ਜੁਆਬ ਦਿੰਦੇ ਹਨ ਕਿ ਇਹ ਸੰਸਾਰ ਹਉਮੈਂ ਵਿਚੋਂ ਪ੍ਰਗਟ ਹੁੰਦਾ ਹੈ: *“ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*

ਨਿਰਗੁਣ (ਅਕਾਲ) + ਹਉਮੈਂ (ਮਾਇਆ) = ਸਰਗੁਣ (ਕਾਲਬੱਧ) ਸੰਸਾਰ

ਬਿਨਾ ਸ਼ੱਕ ਕਾਲ-ਬੱਧ ਸੰਸਾਰ ਹਉਮੈ ਵਿਚੋਂ ਉਪਜਦਾ ਹੈ। ਭਾਵ ਹਉਮੈ, ਕਾਲ-ਰਹਿਤ ਸੰਸਾਰ ਨੂੰ, ਸਾਡੇ ਐਕਸਪੀਰੀਐਂਸ ਦੇ ਸੰਸਾਰ, ਭਾਵ ਕਾਲ-ਬੱਧ ਸੰਸਾਰ ਵਿਚ ਰੂਪਾਂਤ੍ਰਿਤ ਕਰ ਦਿੰਦੀ ਹੈ। ਪਰ ਗੁਰੂ ਸਾਹਿਬ ਕੇਵਲ ਏਨਾ ਹੀ ਨਹੀਂ ਆਖਦੇ। ਇਸ ਤੁਕ ਵਿਚ ਉਹ ਇਹ ਵੀ ਆਖਦੇ ਹਨ ਕਿ ਨਾਮ ਦੇ ਵਿਸਰ ਜਾਣ ਨਾਲ ਹੀ ਇਹ ਦੁਖ ਪਾਈਦਾ ਹੈ। ਪੂਰੀ ਤੁਕ ਪੜ੍ਹੀਏ ਤਾਂ ਇਹ ਸਮਝ ਪੈਂਦੀ ਹੈ ਕਿ ਕਾਲ-ਬੱਧ ਸੰਸਾਰ ਹਉਮੈ ਵਿਚੋਂ ਉਪਜਦਾ ਹੈ ਅਤੇ ਇਹ ਦੁਖਾਂਤ (ਰੂਪਾਂਤ੍ਰਣ) ਨਾਮ ਦੇ ਵਿਸਰ ਜਾਣ ਨਾਲ ਵਿਆਪਦਾ ਹੈ। ਨਾਮ ਦੇ ਵਿਸਰ ਜਾਣ ’ਤੇ ਹੀ ਹਉਮੈਂ ਕਾਲ-ਰਹਿਤ ਸੰਸਾਰ ਨੂੰ ਕਾਲ-ਬੱਧ ਸੰਸਰ ਵਿਚ ਤਬਦੀਲ ਕਰ ਪਾਉਂਦੀ ਹੈ :

ਨਿਰਗੁਣ (ਅਕਾਲ)  ਨਾਮ = ਸਰਗੁਣ (ਕਾਲਬੱਧ) ਸੰਸਾਰ

ਇਸ ਲਈ, ਨਿਰਗੁਣ (ਅਕਾਲ) = ਸਰਗੁਣ (ਕਾਲਬੱਧ) ਸੰਸਾਰ + ਨਾਮ

ਫੇਰ 'ਨਾਮ' ਕੀ ਹੈ, ਜਿਸਦੇ ਵਿਸਰ ਜਾਣ ਨਾਲ ਇਹ ਦੁਖਾਂਤ ਵਾਪਰਦਾ ਹੈ। ਕੀ ਨਾਮ ਨਾਲ ਜੁੜੇ ਰਹਿਣ ਨਾਲ ਇਹ ਦੁਖਾਂਤ ਨਹੀਂ ਵਿਆਪੇਗਾ? ਕੀ ਨਾਮ ਹਉਮੈ ਦੇ ਪ੍ਰਭਾਵ ਨੂੰ ਨਿਸਫਲ ਕਰ ਦਿੰਦਾ ਹੈ? ਕਿਉਂਕਿ ਨਾਮ ਦੇ ਵਿਸਰ ਜਾਣ ਨਾਲ ਨਿਰਗੁਣ ਸੰਸਾਰ ਕਾਲਬੱਧ (ਸਰਗੁਣ) ਸੰਸਾਰ ਵਿਚ ਤਬਦੀਲ ਹੋ ਜਾਂਦਾ ਹੈ, ਇਸ ਲਈ ਨਾਮ ਉਹ ਹੈ ਜੋ ਕਾਲਬੱਧ (ਸਰਗੁਣ) ਸੰਸਾਰ ਨੂੰ ਮੁੜ ਨਿਰਗੁਣ ਸੰਸਾਰ ਵਿਚ ਰੂਪਾਂਤ੍ਰਿਤ ਕਰਨ ਦੀ ਸਮਰੱਥਾ ਰੱਖਦਾ ਹੈ। ਉਪਰੋਕਤ ਸਮੀਕਰਣਾਂ ਨੂੰ ਮੇਲ ਕੇ ਇਹ ਗੱਲ ਸੌਖਿਆਂ ਸਮਝੀ ਜਾ ਸਕਦੀ ਹੈ ਨਾਮ ਅਤੇ ਹਉਮੈਂ ਵਿਪਰੀਤ ਧਾਰਨਾਵਾਂ ਹਨ ਜੋ ਕ੍ਰਮਵਾਰ ਨਿਰਗੁਣ ਅਤੇ ਸਰਗੁਣ ਸੰਸਾਰ ਦੀ ਰਚਨਾ ਕਰਦੀਆਂ ਹਨ :

ਕਿਉਂਕਿ ਨਿਰਗੁਣ + ਹਉਮੈਂ (ਮਾਇਆ) = ਨਿਰਗੁਣ  ਨਾਮ = ਸਰਗੁਣ

ਜਾਂ ਸਰਗੁਣ + ਨਾਮ = ਨਿਰਗੁਣ  ਹਉਮੈਂ (ਮਾਇਆ) = ਨਿਰਗੁਣ

**ਨਾਮ, ਨਾਦ ਅਤੇ ਸ਼ਬਦ:** ਇਕ ਗੱਲਬਾਤ ਦੌਰਾਨ ਸੁਰਜੀਤ ਪਾਤਰ ਪੂਰੇ ਵਿਸ਼ਵਾਸ ਨਾਲ ਆਖਦੇ ਹਨ ਕਿ ਇਹ ਸ੍ਰਿਸ਼ਟੀ ਨਾਦਿ ਵਿਚ ਬੱਝੀ ਹੋਈ ਹੈ। ਸਿਧਾਰਥ ਵੀ ਆਪਣੀ ਪੁਸਤਕ 'ਸੋਹਮ' ਵਿਚ ਸੁਰਜੀਤ ਪਾਤਰ ਦੇ ਇਸ ਦਾਅਵੇ ਦੀ ਪੁਸ਼ਟੀ ਕਰਦੇ ਦਿਖਾਈ ਦਿੰਦੇ ਹਨ: “ਇਹ ਸੱਚ ਹੈ, ਸਾਰੀ ਧਰਤੀ ਉਸ ਮਹਾਂਨਾਦ ਤੋਂ ਬਣੀ ਹੋਈ ਹੈ। ਸਾਰੇ ਆਕਾਰ, ਸਾਰਾ ਬ੍ਰਹਿਮੰਡ, ਸਾਰਾ ਜਗਤ ਸਭ ਕੁਝ ਉਸ ਵਿਚ ਪਰੋਇਆ ਹੈ।” ਪਰ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਸਭ ਕੁਝ ਨਾਮ ਦਾ ਹੀ ਬਣਿਆ ਹੋਇਆ ਹੈ।

*ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*
*ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥*
*ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥*
*ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ॥*

ਕੀ ਇਹ ਜਗਤ ਨਾਦ ਦਾ ਬਣਿਆਂ ਹੋਇਆ ਹੈ ਜਾਂ ਨਾਮ ਦਾ ਬਣਿਆਂ ਹੋਇਆ ਹੈ। ਇਸ ਗੱਲ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਦੇ 'ਹੁਕਮ' ਦੇ ਸਿਧਾਂਤ ਨੂੰ ਸਮਝਣਾ ਪਵੇਗਾ:

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*

…………… …………… …………

*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*

ਸਭ ਹੁਕਮ (ਔਰਡਰ) ਵਿਚ ਬੱਝਾ ਹੋਇਆ ਹੈ। ਜੋ ਕੁਝ ਵੀ ਹੁੰਦਾ ਹੈ, ਉਸੇ ਦੇ ਹੁਕਮ ਵਿਚ ਹੁੰਦਾ ਹੈ। ਭੌਤਿਕ ਵਿਗਿਆਨੀ ਹੁਕਮ ਦੀ ਇਸ ਧਾਰਨਾ ਨੂੰ ਕੁਦਰਤੀ ਸਿਧਾਂਤਾਂ (ਨੈਚੁਰਲ ਲਾਜ਼) ਦੇ ਰੂਪ ਵਿਚ ਸਮਝਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ। ਮੈਕਸ ਟੈਗਮਾਰਕ ਨੇ ਆਪਣੀ 2014 ਵਿਚ ਛਪੀ ਪੁਸਤਕ, ਸਾਡਾ ਗਣਿਤਸ਼ਾਸਤਰੀ ਬ੍ਰਹਿਮੰਡ (ਆਵਰ ਮੈਥੇਮੈਟੀਕਲ ਯੂਨੀਵਰਸ) ਵਿਚ, ਇਸ ਜਗਤ ਨੂੰ ਗਣਿਤ ਸ਼ਾਸਤਰੀ ਸੰਰਚਨਾ ਦੇ ਰੂਪ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਸੀ। ਉਹ ਬਾਹਰਮੁਖੀ ਭੌਤਿਕ ਸੰਸਾਰ ਦੀ ਹੋਂਦ ਤੋਂ ਮੁਨਕਰ ਨਹੀਂ। ਬਾਹਰਮੁਖੀ ਹੋਂਦ ਨੂੰ ਉਹ ਇਸ ਤਰ੍ਹਾਂ ਗਣਿਤ ਸ਼ਾਸਤਰੀ ਔਰਡਰ ਦੇ ਗਤੀਸ਼ੀਲ ਪ੍ਰਗਟਾਅ ਦੇ ਰੂਪ ਵਿਚ ਦੇਖਦੇ ਹਨ।

ਟੈਗਮਾਰਕ ਆਖਦੇ ਹਨ ਕਿ ਅਸੀਂ ਗਣਿਤਸ਼ਾਸਤਰੀ ਸਿਧਾਂਤਾਂ ਨੂੰ ਘੜਦੇ ਨਹੀਂ, ਮੈਥੇਮੈਟੀਕਲ ਭਾਸ਼ਾ ਦੀ ਸਹਾਇਤਾ ਨਾਲ ਕੇਵਲ ਖੋਜਦੇ ਹਾਂ। ਗੁਰੂ ਸਾਹਿਬ ਵੀ ਆਖਦੇ ਸਨ ਕਿ ਅਸੀਂ ਨਾਮ ਦੇ ਹੁਕਮ ਵਿਚ ਬੱਝੇ

ਸੰਸਾਰ ਨੂੰ ਸ਼ਬਦ ਰਾਹੀਂ ਖੋਜਦੇ ਹਾਂ:

*ਅਖਰੀ ਨਾਮੁ ਅਖਰੀ ਸਾਲਾਹ ॥ ਅਖਰੀ ਗਿਆਨੁ ਗੀਤ ਗੁਣ ਗਾਹ ॥*
*ਅਖਰੀ ਲਿਖਣੁ ਬੋਲਣੁ ਬਾਣਿ ॥ ਅਖਰਾ ਸਿਰਿ ਸੰਜੋਗੁ ਵਖਾਣਿ ॥*
*ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ ਜਿਵ ਫੁਰਮਾਏ ਤਿਵ ਤਿਵ ਪਾਹਿ ॥*

ਸਮਝਣ ਵਾਲੀ ਗੱਲ ਇਹ ਹੈ ਕਿ ਨਾਮ ਅੱਖਰਾਂ ਦਾ ਨਹੀਂ ਬਣਿਆ ਹੋਇਆ ਹੁੰਦਾ। ਗਣਿਤਸ਼ਾਸਤਰੀ ਸਿਧਾਂਤ ਨੋਟੇਸ਼ਨਾਂ ਦੇ ਨਹੀਂ ਬਣੇ ਹੁੰਦੇ। ਅਨਹਦ ਨਾਦ ਵੀ ਸੁਰਾਂ ਦਾ ਨਹੀਂ ਬਣਿਆ ਹੁੰਦਾ। ਅੱਖਰ, ਅੰਕ, ਸੁਰਾਂ, ਸੰਕੇਤ, ਆਕਾਰ, ਇਹ ਸਭ ਚਿਹਨ ਹਨ ਜੋ ਆਪੋ ਆਪਣੀ ਚਿਹਨਕ ਭਾਸ਼ਾ ਰਾਹੀਂ ਗਤੀਸ਼ੀਲ ਭੌਤਿਕ ਸੰਸਾਰ ਦੇ ਨਿਰਗੁਣ ਸਤਿ ਨੂੰ ਖੋਜਦੇ ਹਨ:

*ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥*
*ਅਖਰ ਸਾਸਤ੍ਰ ਸਿਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖੵਾਨਾ ॥*
*ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥*
*ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥*

ਸੋ ਅੰਕ (1) ਸ਼ਬਦ (ਓਅਮ ਧੁਨੀ), ਮੂਰਤਿ (ਕਾਰ) ਨਾਦ (ਸੰਗੀਤ), ਨਾਮ ਦੀ ਖੋਜ ਦੇ ਮਾਰਗ ਹਨ। ਗਤੀਸ਼ੀਲ ਸਮੁੱਚਤਾ ਦਾ ਨਿਰਮਾਣ ਕਰਨ ਵਾਲੇ ਨਿਰਗੁਣ ਅਤੇ ਨਿਰਲੇਪ 'ਨਾਮ' ਦੀ ਖੋਜ ਦੇ ਮਾਰਗ :

*ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥*
*ਬਿਨੁ ਸਬਦੈ ਜਗਿ ਆਨੇਰੁ ਹੈ ਸਬਦੇ ਪਰਗਟੁ ਹੋਇ ॥*

ਇਸ ਵਿਚਾਰ ਚਰਚਾ ਬਾਅਦ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 1) ਹੋ ਸਕਦੈ ਬ੍ਰਹਿਮੰਡ ਇਕ ਨਹੀਂ ਅਨੇਕਾਂ ਹੋਣ ਜੋ ਲਗਾਤਾਰ ਜਨਮਦੇ, ਵਿਗਸਦੇ ਅਤੇ ਵਿਨਸਦੇ ਰਹਿੰਦੇ ਹਨ। ਪਰ 2) ਜੋ ਵੀ ਹੈ, ਉਹ ਨਿਰਗੁਣ ਔਰਡਰ (ਨਾਮ) ਦਾ ਗਤੀਸ਼ੀਲ ਭੌਤਿਕ ਪ੍ਰਗਟਾਅ ਹੈ। 3) ਮਾਨਵ ਸਮੁੱਚਤਾ ਵਿਚ ਬੱਝੀ ੳ) ਜੈਵਕ, ਅ) ਚੇਤਨ ਅਤੇ ੲ) ਬੁੱਧੀਮਾਨ ਏਜੰਸੀ ਹੈ ਜੋ ਊਰਜਾ ਦੀ ਦੀ ਵੱਧ ਤੋਂ ਵੱਧ ਖਪਤ ਅਤੇ ਗਿਆਨ ਦੀ ਵੱਧ ਤੋਂ ਵੱਧ ਵਧ ਪੈਦਾਵਾਰ ਰਾਹੀਂ 4) ਆਪਣੇ ਆਪ ਸਮੇਤ ਸਮੇਂ-ਸਥਾਨ ਵਿਚ ਬੱਝੀ ਸਮੁੱਚੀ ਸਰਗੁਣ ਹੋਂਦ ਨੂੰ ਨਿਰਗੁਣ ਵਿਚ ਰੂਪਾਂਤ੍ਰਿਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ।

ਮਾਨਵ ਏਜੰਸੀ ਦੀ ਨਿਸ਼ਾਨਦੇਹੀ ਕਰ ਲੈਣ ਬਾਅਦ ਹੁਣ ਆਪਾਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਮਨੁੱਖ ਦੀ ਸਮਝ ਵਿਚ ਆ ਰਹੀ ਇਹ ਤਬਦੀਲੀ ਮਨੁੱਖ ਅਤੇ ਮਨੁੱਖ ਦੇ ਆਪੇ, ਕੰਮ ਕਾਜ, ਸਮਾਜਕ ਰਹਿਣ ਸਹਿਣ ਅਤੇ ਰਾਜਨੀਤੀ ਉੱਪਰ ਕੀ ਪ੍ਰਭਾਵ ਪਾ ਰਹੀ ਹੈ।

**ਗੁਰੂ ਤੇਗ ਬਹਾਦਰ ਜੀ** : ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼-ਪੁਰਬ ਦੌਰਾਨ, 2021 ਵਿਚ ਮੈਨੂੰ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਬੋਲਣ ਲਈ ਕਿਹਾ ਗਿਆ। ਸਾਡੇ ਬਹੁਤੇ ਵਿਦਵਾਨ ਗੁਰੂ ਸਾਹਿਬ ਦੀ ਸ਼ਹੀਦੀ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੀਤੀ ਗਈ ਜੱਦੋ-ਜਹਿਦ ਅਤੇ ਕੁਰਬਾਨੀ ਦੇ ਰੂਪ ਵਿਚ ਦੇਖ ਰਹੇ ਸਨ। ਔਕਸਫੋਰਡ ਯੂਨੀਵਰਸਟੀ ਵਾਲੇ ਪ੍ਰੋ. ਪ੍ਰੀਤਮ ਸਿੰਘ ਆਪਣੇ ਇਕ ਲੇਖ 'ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਲਮੀ ਮਨੁੱਖੀ ਅਧਿਕਾਰਾਂ ਨੂੰ ਦੇਣ' ਵਿਚ ਲਿਖਦੇ ਹਨ: "ਪਿਛਲੇ ਕੁਝ ਦਹਾਕਿਆਂ ਤੋਂ ਮਨੁਖੀ ਹੱਕਾਂ ਬਾਰੇ ਆਲਮੀ ਅੰਦੋਲਨਾਂ ਦੇ ਉਭਾਰ ਨਾਲ ਹੁਣ ਸਾਨੂੰ ਮਹਾਨ ਗੁਰੂ ਦੀ ਸ਼ਹੀਦੀ ਪਿਛਲੇ ਉਚ ਮਾਨਵੀ ਅਧਿਕਾਰਾਂ ਦੇ ਅਰਥਾਂ ਦੀ ਖੋਜ ਕਰਨ ਦਾ ਮੌਕਾ ਮਿਲਿਆ ਹੈ।" ਪ੍ਰੋ. ਸਾਹਿਬ ਠੀਕ ਪਛਾਣਦੇ ਹਨ ਕਿ ਗੁਰੂ ਸਾਹਿਬ ਦੀ ਨਜ਼ਰ ਵਿਚ ਕੇਵਲ ਆਪਣਿਆਂ ਦੇ ਹੀ ਨਹੀਂ, ਦੂਸਰਿਆਂ ਅਤੇ ਵਿਰੋਧੀਆਂ ਦੇ ਮਾਨਵ ਅਧਿਕਾਰ ਵੀ ਬਰਾਬਰ ਦਾ ਮਹੱਤਵ ਰੱਖਦੇ ਹਨ।

ਗੁਰੂ ਸਾਹਿਬ ਵਿਸ਼ਵਾਸ ਕਰਦੇ ਸਨ ਕਿ ਮਨੁਖੀ ਅਧਿਕਾਰਾਂ ਦੀ ਬਿਨਾ ਕਿਸੇ ਭੇਦ ਭਾਵ ਦੇ ਕਦਰ ਕੀਤੀ ਜਾਣੀ ਚਾਹੀਦੀ ਹੈ। ਇਸੇ ਲਈ ਉਨ੍ਹਾਂ ਨੇ ਆਪਣੇ ਤੋਂ ਵੱਖਰੀ ਸੋਚ ਰੱਖਣ ਵਾਲੇ ਕਸ਼ਮੀਰੀ ਪੰਡਿਤਾਂ ਦੇ ਵੱਖਰੇਪਣ ਦੀ ਰਾਖੀ/ਆਜ਼ਾਦੀ ਲਈ ਆਪਣੀ ਜਾਨ ਤਕ ਕੁਰਬਾਨ ਕਰ ਦਿੱਤੀ। ਉਨ੍ਹਾਂ ਦੀ ਸ਼ਹੀਦੀ ਇਸ ਗੱਲ ਦੀ ਗਵਾਹ ਹੈ ਕਿ ਦੂਸਰੇ ਦੇ ਦੂਸਰੇਪਣ ਜਾਂ ਵਿਪਰੀਤਪਣ ਦੀ ਬਰਾਬਰੀ ਉਪਰ ਅਧਾਰਿਤ ਸਮਾਨੰਤਰ ਹੋਂਦ ਅਤੇ ਆਜ਼ਾਦੀ ਨੂੰ ਉਹ ਮਾਨਵਤਾ ਦੀ ਸਭ ਤੋਂ ਵੱਡੀ ਵੈਲਯੂ/ਲੋੜ ਸਮਝਦੇ ਸਨ।

ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਸਮੇਂ ਇਹ ਸੁਆਲ ਮੈਨੂੰ ਵਾਰ-ਵਾਰ ਸਤਾਉਂਦਾ ਰਿਹਾ ਕਿ ਕੀ ਆਜ਼ਾਦੀ ਅਤੇ ਬਰਾਬਰੀ ਦੇ ਅਧਿਕਾਰ ਕੇਵਲ ਮਨੁੱਖਾਂ ਅਤੇ ਮਨੁੱਖੀ ਭਾਈਚਾਰਿਆਂ ਨੂੰ ਹੀ ਪ੍ਰਾਪਤ ਹੋਣੇ ਚਾਹੀਦੇ

ਹਨ। ਕੀ ਦੂਸਰੇ ਜੀਵ ਜੰਤੂਆਂ, ਪਸ਼ੂ ਪੰਛੀਆਂ ਅਤੇ ਜੰਗਲ ਬੇਲਿਆਂ ਦੇ ਕੋਈ ਅਧਿਕਾਰ ਨਹੀਂ? ਜੇਕਰ ਇਨ੍ਹਾਂ ਦੇ ਵੀ ਕੋਈ ਅਧਿਕਾਰ ਹਨ, ਤਾਂ ਕੀ ਉਹ ਵੀ ਦੂਸਰੇਪਣ ਵਿਚ ਸ਼ਾਮਲ ਨਹੀਂ ਹੋਣੇ ਚਾਹੀਦੇ। ਇਹ ਪ੍ਰਸ਼ਨ ਵੀ ਪੁੱਛਿਆ ਜਾ ਸਕਦਾ ਹੈ ਕਿ ਕੀ ਰੋਬੋ ਅਤੇ ਬੁੱਧੀਮਾਨ ਮਸ਼ੀਨਾਂ ਦੇ ਵੀ ਕੋਈ ਅਧਿਕਾਰ ਹੋ ਸਕਦੇ ਹਨ। ਕੀ ਬੁੱਧੀਮਾਨ ਮਸ਼ੀਨ ਲਈ, ਹਰ ਸਥਿਤੀ ਵਿਚ, ਆਪਣੇ ਮਾਲਕ ਦੇ ਹੁਕਮਾਂ ਦੀ ਪਾਲਣਾ ਕਰਨਾ ਹੀ ਜ਼ਰੂਰੀ ਹੈ।

ਨੈਤਿਕਤਾ ਸਾਨੂੰ ਮਾਂ ਦੇ ਪੇਟ ਵਿਚੋਂ ਭਾਵ ਜੀਨਜ਼ ਰਾਹੀਂ ਪ੍ਰਾਪਤ ਨਹੀਂ ਹੁੰਦੀ। ਸਮਾਜ ਵਿਚ ਰਹਿੰਦਿਆਂ, ਸਮਾਜੀ ਕਦਰਾਂ ਕੀਮਤਾਂ ਦੇ ਰੂਪ ਵਿਚ ਸਿਖਦੇ ਹਾਂ। ਜੀਨਜ਼ ਤਾਂ ਕੇਵਲ ਜਿੰਦਾ ਰਹਿਣ ਲਈ ਸੰਘਰਸ਼ ਅਤੇ ਸੰਤਾਨ ਉਤਪਤੀ ਦੇ ਸਬਕ ਹੀ ਪੜ੍ਹਾਉਂਦੇ ਹਨ। ਬਾਕੀ ਸਭ ਕੁਝ ਸਮਾਜਕ ਅਨੁਭਵ, ਤਜ਼ਰਬੇ ਅਤੇ ਯਾਦ ਦੇ ਆਧਾਰ 'ਤੇ ਸਿੱਖਣਾ ਜਾਂ ਕੰਸਟਰਕਟ ਕਰਨਾ ਹੁੰਦਾ ਹੈ। ਜੇਕਰ ਇਹ ਗੱਲ ਹੈ ਤਾਂ ਫੇਰ ਮਨੁੱਖਾਂ ਵਾਂਗ ਬੁਧੀਮਾਨ ਮਸ਼ੀਨਾਂ ਨੂੰ ਨੈਤਿਕਤਾ ਕਿਉਂ ਨਹੀਂ ਪੜ੍ਹਾਈ ਜਾ ਸਕਦੀ। ਬਿਲਕੁੱਲ ਪੜ੍ਹਾਈ ਜਾ ਸਕਦੀ ਹੈ। ਮਨੁੱਖ ਸਿਖਣ ਜਾਂ ਨਾ ਸਿਖਣ, ਉਨ੍ਹਾਂ ਦੀ ਚੋਣ ਹੁੰਦੀ ਹੈ। ਪਰ ਮਸ਼ੀਨਾਂ ਨੂੰ ਜੋ ਸਿਖਾਇਆ ਜਾਂਦਾ ਹੈ, ਉਸਦੀ ਉਹ ਪੂਰੀ ਤਰ੍ਹਾਂ ਬਿਨ੍ਹਾਂ ਕਿਸੇ ਚੂਕ ਦੇ ਪਾਲਣਾ ਕਰਦੀਆਂ ਹਨ। ਮਨੁਖ ਨੂੰ ਤਾਂ ਛੇਤੀ ਕੀਤੇ ਨਹੀਂ ਸਿਖਾ ਸਕਦੇ, ਪਰ ਬਿਨ੍ਹਾਂ ਡਰਾਈਵਰ ਦੇ ਚੱਲਣ ਵਾਲੀ ਰੋਬੋ ਕਾਰ ਅੰਦਰ ਇਹ ਨੈਤਿਕਤਾ ਸਹਿਜੇ ਹੀ ਪ੍ਰੋਗਰੈਮ ਕੀਤੀ ਜਾ ਸਕਦੀ ਹੈ ਕਿ ਕਾਰ ਵਿਚ ਬੈਠੇ ਨੱਬੇ ਸਾਲਾਂ ਦੇ ਬਜ਼ੁਰਗ ਨੂੰ ਨਹੀਂ, ਸੜਕ ਉਪਰ ਜਾ ਰਹੇ ਸਕੂਲੀ ਬੱਚਿਆਂ ਨੂੰ ਬਚਾਉਣਾ ਹੈ। ਪਰ ਕਾਰ ਚਲਾ ਰਹੇ ਬਜ਼ੁਰਗ ਨੂੰ ਇਹ ਗੱਲ ਕਦਾਚਿਤ ਨਹੀਂ ਸਿਖਾਈ ਜਾ ਸਕਦੀ ਕਿਉਂਕਿ ਉਹ ਹਰ ਹੀਲੇ ਆਪਣੇ ਆਪ ਨੂੰ ਹੀ ਬਚਾਉਣ ਦੀ ਕੋਸ਼ਿਸ ਕਰੇਗਾ।

ਮਸ਼ੀਨ ਦੀ ਨੈਤਿਕਤਾ, ਆਜ਼ਾਦੀ, ਬਰਾਬਰੀ ਅਤੇ ਅਧਿਕਾਰਾਂ ਨਾਲ ਜੁੜੇ ਹੋਏ ਸੁਆਲਾਂ ਨੂੰ ਹੁਣ ਬਹੁਤੇ ਸਮੇ ਲਈ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਨੁੱਖੀ ਨੈਤਿਕਤਾ ਅਤੇ ਆਜ਼ਾਦੀ ਨਾਲ ਜੁੜੇ ਹੋਏ ਸੁਆਲ ਹੁਣ ਮਸ਼ੀਨੀ ਨੈਤਿਕਤਾ ਅਤੇ ਆਜ਼ਾਦੀ ਨਾਲ ਜੁੜੇ ਸੁਆਲਾਂ ਨਾਲੋਂ ਕੋਈ ਘੱਟ ਮਹੱਤਵ ਨਹੀਂ ਰੱਖਦੇ। ਸ਼ਾਇਦ ਮਨੁੱਖ ਅਤੇ ਮਸ਼ੀਨ ਦੀ ਆਜ਼ਾਦੀ ਅਤੇ ਨੈਤਿਕਤਾ ਨੂੰ ਹੁਣ ਅਲੱਗ-ਅਲੱਗ ਕਰਕੇ ਦੇਖਿਆ ਵੀ ਨਹੀਂ ਜਾ ਸਕਦਾ।

ਸੋ, ਇਹ ਕੇਵਲ ਮਨੁੱਖੀ ਅਤੇ ਮਨੁੱਖੀ ਭਾਈਚਾਰਿਆਂ ਦੇ ਅਧਿਕਾਰਾਂ ਦਾ ਮਸਲਾ ਨਹੀਂ, ਨਾ ਹੀ ਕੇਵਲ ਸੋਸ਼ਲ ਅਤੇ ਈਕਾਲੋਜੀਕਲ ਵਾਇਬਿਲਟੀ ਦਾ ਮਸਲਾ ਰਹਿ ਗਿਆ ਹੈ। ਮਸ਼ੀਨਾਂ ਦੀ ਨੈਤਿਕਤਾ, ਆਜ਼ਾਦੀ ਅਤੇ ਅਧਿਕਾਰਾਂ ਨੂੰ ਵੀ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਸਭਨਾ ਦੀ ਆਜ਼ਾਦੀ, ਬਰਾਬਰੀ ਅਤੇ ਅਧਿਕਾਰਾਂ ਦਾ ਮਸਲਾ ਹੈ। ਇਸ ਸਭ ਕਾਸੇ ਤੋਂ ਵੀ ਵੱਧ, ਇਨ੍ਹਾਂ ਦੇ ਆਪਸੀ ਸਹਿਯੋਗ ਅਤੇ ਮਿਲਵਰਤਣ ਦਾ ਮਸਲਾ ਹੈ। ਕੁਦਰਤੀ ਵਾਤਾਵਰਣ ਅਤੇ ਮਸ਼ੀਨੀ/ਡਿਜੀਟਲ ਨੈੱਟਵਰਕ ਮਾਨਵ-ਸਮਾਜ/ ਈਕੋਸਿਸਟਮ ਦਾ ਅਨਿੱਖੜਵਾਂ ਭਾਗ ਬਣ ਚੁੱਕੇ ਹਨ। ਇਸ ਨਵੇਂ ਵਿਕਸਤ ਹੋ ਰਹੇ ਸਮਿਲਤ ਈਕੋਸਿਸਟਮ ਵਿਚ ਵਿਅਕਤੀਗਤ, ਸਮਾਜਕ, ਮਸ਼ੀਨੀ ਅਤੇ ਵਾਤਾਵਰਣ ਦੇ ਅਧਿਕਾਰਾਂ ਦੇ ਟਕਰਾਅ ਅਤੇ ਸਹਿਯੋਗ ਨੂੰ ਕਿਵੇਂ ਨਜਿੱਠਣਾ ਹੈ, ਇਹ ਅੱਜ ਦੇ ਸਮਿਆਂ ਦੀ ਪ੍ਰਮੁੱਖ ਚੁਣੌਤੀ ਬਣ ਗਈ ਹੈ।

ਇੱਕੀਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਪਹੁੰਚ ਕੇ ਵਾਤਾਵਰਣ, ਆਰਥਿਕ ਨਾਬਰਾਬਰੀ, ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਇੰਟਰਨੈਟ ਆਫ਼ ਥਿੰਗਜ਼/ ਬਿਗ ਡੇਟਾ ਦੀਆਂ ਚਣੌਤੀਆਂ ਨੇ, ਅਧਿਕਾਰਾਂ ਦੇ ਇਸ ਮਸਲੇ ਨੂੰ ਸਮਿਲਤ (ਇਨਕਲੂਸਿਵ) ਅਤੇ ਗੁੰਝਲਦਾਰ ਬਣਾ ਦਿੱਤਾ ਹੈ। ਮਨੁੱਖ ਕੇਵਲ ਮਨੁੱਖਾਂ ਨਾਲ ਅਤੇ ਵਾਤਾਵਰਣ ਨਾਲ ਹੀ ਸਹਿਯੋਗ ਨਹੀਂ ਕਰਦੇ, ਮਨੁੱਖ ਮਸ਼ੀਨਾਂ ਨਾਲ ਅਤੇ ਮਸ਼ੀਨਾਂ ਮਸ਼ੀਨਾਂ ਨਾਲ ਅਤੇ ਕੁਦਰਤੀ ਵਾਤਾਵਰਣ ਨਾਲ ਵੀ ਵੱਡੇ ਪੱਧਰ 'ਤੇ ਸਹਿਯੋਗ ਕਰਦੀਆਂ ਦਿਖਾਈ ਦੇ ਰਹੀਆਂ ਹਨ। ਇਸ ਸਹਿਯੋਗ ਨੂੰ ਇੰਟਰਨੈਟ ਆਫ਼ ਐਵਰੀ ਥਿੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੁਦਰਤੀ ਵਸੀਲੇ ਅਤੇ ਕੁਦਰਤੀ ਵਾਤਾਵਰਣ ਵੀ ਮਨੁੱਖਾਂ ਅਤੇ ਮਸ਼ੀਨਾਂ ਦੀ ਇਸ ਨੈਟਵਰਕਿੰਗ ਵਿਚ ਬਰਾਬਰ ਦੇ ਭਾਈਵਾਲ ਹਨ।

ਕਿਸੇ ਵਕਤ ਸਾਡੀ ਇਹ ਪੱਕੀ ਧਾਰਨਾ ਬਣੀ ਹੋਈ ਸੀ ਕਿ ਧਰਤੀ ਹੀ ਸਾਰੇ ਬ੍ਰਹਿਮੰਡ ਦਾ ਕੇਂਦਰ ਹੈ। ਪਰ ਜਦੋਂ ਸਾਨੂੰ ਸਮਝ ਪਈ ਕਿ ਧਰਤੀ ਸ੍ਰਿਸ਼ਟੀ ਦਾ ਕੇਂਦਰ ਨਹੀਂ ਹੈ ਤਾਂ ਸਾਨੂੰ ਆਪਣੀ ਇਹ ਸੋਚ ਬਦਲਣੀ ਪਈ। ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਆਮਦ ਤੋਂ ਬਾਅਦ, ਹੁਣ ਜਦੋਂ ਮਨੁਖ ਆਪਣੀ ਪ੍ਰਭੁਤਾ ਦੇ ਗੁਆਚ ਜਾਣ ਦੇ ਡਰੋਂ ਭੈਅ-ਭੀਤ ਹੋਇਆ ਫਿਰਦਾ ਹੈ, ਤਾਂ ਗੁਰੂ ਤੇਗ ਬਹਾਦਰ ਜੀ ਉਸਨੂੰ ਬੜੇ ਪਿਆਰ ਨਾਲ ਦੱਸਦੇ ਹਨ ਕਿ ਇਹ ਮਨੁੱਖ ਦੇ ਨਹੀਂ, ਮਨੁੱਖ ਦੀ ਹਉਮੈ ਦੇ ਗੱਦੀਂਓ ਲਹਿਣ ਦਾ ਸਮਾਂ ਹੈ। ਮਨੁਖਾਂ, ਮਸ਼ੀਨਾਂ ਅਤੇ ਕੁਦਰਤੀ ਵਾਤਾਵਰਣ ਦੇ ਲਗਾਤਾਰ ਫੈਲ ਰਹੇ ਨੈਟਵਰਕ ਵਿਚ ਡੇਟਾ ਦੇ ਵਹਾਓ ਅੰਦਰ ਆਪਣਾ ਭਵਿੱਖ ਤਲਾਸ਼ ਰਹੇ

ਮਨੁੱਖ ਨੂੰ ਉਹ ਬੜੇ ਸਪਸ਼ਟ ਸ਼ਬਦਾਂ ਵਿਚ ਸਮਝਾਉਂਦੇ ਹਨ:

*ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥*
*ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥*

ਇਸ ਨਵੇਂ ਈਕੋਸਿਸਟਮ ਵਿਚ ਸਰਵਾਈਵ ਕਰਨ ਲਈ ਉਸਨੂੰ ਆਪਣੀ ਹਉਮੈ ਤਿਆਗ ਕੇ ਇਕ ਨਵਾਂ ਮਾਈਂਡਸੈਟ ਅਪਨਾਉਣਾ ਪਵੇਗਾ :

*ਸਾਧੋ ਮਨ ਕਾ ਮਾਨੁ ਤਿਆਗਉ ॥*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥*
*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥*

ਇਹ ਇਕ ਨਵੇਂ ਮਾਈਂਡਸੈਟ, ਨੈਤਿਕ-ਰਾਜਨੀਤਕ ਪ੍ਰਬੰਧ ਅਤੇ ਸਮਾਜਕ ਕਦਰਾਂ ਕੀਮਤਾਂ ਦੇ ਨਿਰਮਾਣ ਦਾ ਮਸਲਾ ਹੈ, ਜੋ ਮਨੁੱਖੀ ਅਧਿਕਾਰਾਂ ਦੇ ਨਵ-ਉਦਾਰਵਾਦੀ ਤਰਕ ਅਤੇ ਤਕਨੀਕੀ ਨਿਰਧਾਰਣ (ਤਕਨਾਲੋਜੀਕਲ ਡਿਟਰਮਨਿਜ਼ਮ) ਤੋਂ ਪਾਰ, ਅਜਿਹੀਆਂ ਬਹੁਵਾਦੀ ਰੈਡੀਕਲ ਡੈਮੋਕਰੈਟਿਕ ਪਰੰਪਰਾਵਾਂ ਦੇ ਨਿਰਮਾਣ ਨਾਲ ਜਾ ਜੁੜਦਾ ਹੈ, ਜੋ ਸਭਨਾ ਸ਼ਾਮਲ ਧਿਰਾਂ ਦੇ ਆਜ਼ਾਦੀ ਅਤੇ ਬਰਾਬਰੀ ਉਪਰ ਟਿਕੇ ਜਮਹੂਰੀ ਅਧਿਕਾਰਾਂ ਦੀ ਵੀ ਓਨੀ ਹੀ ਕਦਰ ਕਰਦੀਆਂ ਹੋਣ, ਜਿੰਨੀ ਉਨ੍ਹਾਂ ਦੇ ਆਪਸੀ ਸਹਿਯੋਗ ਅਤੇ ਮਿਲਵਰਤਣ ਦੀ ਜ਼ਰੂਰੀ ਹੈ ਕਿ ਇਹ ਬਹੁਵਾਦੀ ਰੈਡੀਕਲ ਡੈਮੋਕਰੈਟਿਕ ਪਰੰਪਰਾਵਾਂ ਅਧਿਕਾਰਾਂ ਨੂੰ ਕੇਵਲ ਪ੍ਰਦਾਨ ਕਰਨ ਦੀ ਹੀ ਗੱਲ ਨਾ ਕਰਦੀਆਂ ਹੋਣ, ਸਗੋਂ ਅਜਿਹੇ ਅਧਿਕਾਰਾਂ ਦੇ ਨਿਰਮਾਣ ਵਿਚ ਸਭਨਾ ਸ਼ਾਮਿਲ ਧਿਰਾਂ ਦੀ ਸ਼ਮੂਲੀਅਤ ਨੂੰ ਵੀ ਜ਼ਰੂਰੀ ਬਨਾਉਣ।

ਇਸ ਮਸਲੇ ਦੇ ਵਿਭਿੰਨ ਪੱਖਾਂ ਨੂੰ ਵਿਸਥਾਰ ਸਹਿਤ ਸਮਝਣ ਲਈ ਨਾਟਕ 'ਸੋ ਦਰੁ' ਦੇ ਪਹਿਲੇ ਸੀਨ ਦੇ ਸੰਵਾਦ ਪੜੇ ਜਾ ਸਕਦੇ ਹਨ।

ਮੈਂ ਸੋਚ ਰਿਹਾ ਸੀ ਕਿ ਧਰਤੀ, ਹਵਾ ਪਾਣੀ ਅਗਨੀ ਆਕਾਸ਼ ਅਤੇ ਐਟਮਸਫੀਅਰ, ਬਾਇਓਸਫੀਅਰ, ਟੈਕਨੋਸਫੀਅਰ, ਇਨਫੋਸਫੀਅਰ, ਮਾਈਂਡਸਫੀਅਰ, ਆਦਿ ਨੂੰ ਹੁਣ ਅਲੱਗ-ਅਲੱਗ ਕਰਕੇ ਨਹੀਂ, ਸਗੋਂ ਕੁਦਰਤ ਦੇ ਰੂਪ ਵਿਚ ਸਾਝੇ ਨੈੱਟਵਰਕ ਵਜੋਂ ਹੀ ਦੇਖਣਾ ਪਵੇਗਾ। ਦੂਸਰੇ ਸ਼ਬਦਾਂ ਵਿਚ ਕੁਦਰਤ ਨੂੰ ਇਕ ਮੈਟਰਿਕਸ ਵਜੋਂ ਦੇਖਣਾ ਹੋਵੇਗਾ। ਇਹ ਮੈਟਰਿਕਸ ਹੀ ਸਾਨੂੰ, ਸਾਡੀ ਪਹਿਚਾਣ ਨੂੰ ਅਤੇ ਸਾਡੇ ਰਿਸ਼ਤਿਆਂ ਨੂੰ ਪ੍ਰੀਭਾਸ਼ਿਤ ਕਰੇਗਾ।

ਅਸੀਂ ਇਕ ਵੱਡੀ ਤਬਦੀਲੀ ਵਿਚੋਂ ਲੰਘ ਰਹੇ ਹਾਂ ਜਿਸਨੇ ਸਦੀਆਂ ਤੋਂ ਆਪਣੀ ਹਕੂਮਤ ਜਮਾਈ ਬੈਠੇ ਮਾਨਵਵਾਦ ਅਤੇ ਲਿਬਰਲ (ਉਦਾਰ) ਮਾਨਵਵਾਦ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਹਨ। ਪਾਰ-ਮਾਨਵਵਾਦ ਤਾਂ ਭਾਵੇਂ ਆਪਣੇ ਪੈਰ ਨਹੀਂ ਜਮਾ ਸਕਿਆ, ਪਰ ਉਤਰ-ਮਾਨਵਵਾਦ ਨੂੰ ਮਾਨਵਵਾਦ ਅਤੇ ਪਾਰ-ਮਾਨਵਵਾਦ ਦੀ ਥਾਂ ਲੈਂਦਿਆਂ ਆਵੱਸ਼ ਦੇਖ ਰਹੇ ਹਾਂ।

**ਮਾਨਵਵਾਦ**: ਮਾਨਵਵਾਦ ਇਕ ਦਾਰਸ਼ਨਿਕ ਅਤੇ ਨੈਤਿਕ ਧਰਾਤਲ ਹੈ ਜੋ ਮਨੁੱਖ ਦੀ ਵਿਅਕਤੀਗਤ ਅਤੇ ਸਮੂਹਕ ਪੱਧਰ ’ਤੇ ਆਰਥਿਕ, ਰਾਜਨੀਤਕ, ਸਮਾਜਕ ਅਤੇ ਨੈਤਿਕ ਉਸਾਰੀ ਲਈ ਸਮਾਜਕ ਤਬਦੀਲੀ ਦੀ ਏਜੰਸੀ ਵਜੋਂ ਪਹਿਚਾਣ ਸਥਾਪਿਤ ਕਰਦਾ ਹੈ। ਸਾਡੇ ਜੀਵਨ ਅਤੇ ਸਮਾਜਾਂ ਨੂੰ ਸ਼ੇਪ ਕਰਨ ਵਿਚ ਇਹ ਮਨੁੱਖੀ ਤਰਕ, ਨੈਤਿਕਤਾ ਅਤੇ ਦਇਆ ਦੇ ਮਹੱਤਵ ਨੂੰ ਖਾਸ ਤੌਰ ’ਤੇ ਪਹਿਲ ਦਿੰਦਾ ਹੈ।

ਮਾਨਵਵਾਦੀ ਵਿਚਾਰਧਾਰਾ ਦੀਆਂ ਜੜ੍ਹਾਂ ਯੂਨਾਨੀ ਅਤੇ ਰੋਮਨ ਫ਼ਲਸਫਿਆਂ ਵਿਚੋਂ ਆਸਾਨੀ ਨਾਲ ਲੱਭੀਆਂ ਜਾ ਸਕਦੀਆਂ ਹਨ। ਖਾਸ ਕਰਕੇ ਸੁਕਰਾਤ, ਪਲੈਟੋ ਅਤੇ ਅਰਸਤੂ ਦੀਆਂ ਰਚਨਾਵਾਂ ਵਿਚੋਂ। ਇਨ੍ਹਾਂ ਚਿੰਤਕਾਂ ਨੇ ਤਰਕ, ਆਲੋਚਨਾਤਮਕ ਸੋਚ ਅਤੇ ਗਿਆਨ ਦੀ ਭਾਲ ਦੇ ਮਹੱਤਵ ਉੱਪਰ ਫੋਕਸ ਕੀਤਾ। ਇਹ ਲੋਕ ਮਾਨਵ ਜਾਤੀ ਨੂੰ ਆਤਮ ਨਿਰਭਰ ਅਤੇ ਨੈਤਿਕ ਆਚਰਣ ਦੀ ਸਮਰੱਥਾ ਵਾਲੇ ਸਮਾਜਾਂ ਵਿਚ ਨਿਰਮਿਤ ਹੋਇਆ ਦੇਖਣ ਦੇ ਚਾਹਵਾਨ ਸਨ।

ਆਖਿਆ ਜਾ ਸਕਦਾ ਹੈ ਕਿ 14ਵੀਂ-15ਵੀਂ ਸਦੀ ਵਿਚ ਇਟਲੀ ਦੀ ਪੁਨਰ-ਜਾਗ੍ਰਿਤੀ ਦੀ ਲਹਿਰ ਨਾਲ ਮਾਨਵਵਾਦ ਦਾ ਪੁਨਰ ਜਨਮ ਹੁੰਦਾ ਹੈ। ਵਿਦਵਾਨਾਂ ਨੇ ਮਨੁੱਖੀ ਸਮਰੱਥਾ, ਵਿਕਾਸ ਅਤੇ ਪ੍ਰਾਪਤੀਆਂ 'ਤੇ

ਧਿਆਨ ਕੇਂਦ੍ਰਿਤ ਕਰਦੇ ਹੋਏ ਪ੍ਰਾਚੀਨ ਗ੍ਰੰਥਾਂ ਦੀ ਮੁੜ ਤੋਂ ਖੋਜ ਪੜਤਾਲ ਅਤੇ ਅਧਿਐਨ ਕਾਰਜ ਆਰੰਭੇ। ਵਿਅਕਤੀਗਤ ਪਹਿਚਾਣ, ਵਿਲੱਖਣਤਾ, ਸਿਰਜਣਾ ਅਤੇ ਗਿਆਨ ਦੀ ਖੋਜ 'ਤੇ ਨਵੇਂ ਸਿਰਿਓਂ ਜ਼ੋਰ ਦਿੱਤਾ ਜਾਣ ਲੱਗਾ।

ਉੱਨੀਵੀਂ ਅਤੇ ਵੀਹਵੀਂ ਸਦੀ ਵਿਚ ਆਧੁਨਿਕ ਮਾਨਵਵਾਦ ਨੇ ਅਲੌਕਿਕ ਵਿਆਖਿਆਵਾਂ ਨੂੰ ਰੱਦ ਕਰ ਕੇ ਤਰਕ, ਵਿਗਿਆਨ ਅਤੇ ਮਨੁੱਖੀ ਕਦਰਾਂ ਕੀਮਤਾਂ 'ਤੇ ਜ਼ੋਰ ਦਿੰਦਿਆਂ ਨਿਰਪੱਖ ਮਾਨਵਵਾਦੀ ਵਿਸ਼ਵ ਦ੍ਰਿਸ਼ਟੀਕੋਣ ਦੀ ਵਕਾਲਤ ਸ਼ੁਰੂ ਕੀਤੀ। ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਨੈਤਿਕ ਕਾਰਵਾਈ ਅਤੇ ਸਮਾਜਕ ਤਰੱਕੀ ਰਾਹੀਂ ਬਿਹਤਰ ਭਵਿੱਖ ਦੀ ਉਸਾਰੀ ਵਾਸਤੇ ਮਨੁੱਖ ਦੀ ਆਜ਼ਾਦੀ, ਬਰਾਬਰੀ ਅਤੇ ਜਿੰਮੇਵਾਰੀ ’ਤੇ ਬਲ ਦੇਣਾ ਸ਼ੁਰੂ ਕੀਤਾ।

ਮਾਨਵਵਾਦ ਦੀ ਇਹ ਯਾਤਰਾ ਏਨੀ ਸਿੱਧ ਪੱਧਰੀ ਅਤੇ ਸੁਖਾਲੀ ਵੀ ਨਹੀਂ ਸੀ। ਆਪਣੀ ਇਤਿਹਾਸਕ ਯਾਤਰਾ ਦੌਰਾਨ ਇਸਨੂੰ ਧਾਰਮਿਕ ਕੱਟੜਵਾਦ, ਰਾਸ਼ਟਰਵਾਦ, ਤਾਨਾਸ਼ਾਹੀ ਦੇ ਉਭਾਰ, ਯੁੱਧ ਅਤੇ ਟਕਰਾਅ, ਨਿਰੰਤਰ ਵਧ ਰਹੀ ਆਬਾਦੀ, ਸਮਾਜਕ/ ਆਰਥਿਕ/ ਰਾਜਨੀਤਕ ਨਾਬਰਾਬਰੀ, ਵਾਤਾਵਰਣ ਦੇ ਸੰਕਟ, ਜੈਵਿਕ ਵੰਨ-ਸੁਵੰਨਤਾ ਦੇ ਵਿਨਾਸ਼, ਕੁਦਰਤੀ ਵਸਿਲਿਆਂ ਦੇ ਖੋਰੇ ਅਤੇ ਮਹਾਂਮਾਰੀ ਵਰਗੀਆਂ ਅਨੇਕ ਚਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ। ਮਾਨਵਵਾਦ ਨੇ ਭਾਵੇਂ ਇਨ੍ਹਾਂ ਚੁਣੌਤੀਆਂ ’ਤੇ ਕਾਬੂ ਪਾਉਣ ਲਈ ਸਿੱਖਿਆ, ਆਲੋਚਨਾਤਮਕ ਸੋਚ, ਸਮਾਜਕ ਨਿਆਂ, ਜਮਹੂਰੀਅਤ, ਧਰਮ-ਨਿਰਪੱਖਤਾ, ਅੰਤਰ-ਧਰਮ ਸੰਵਾਦ, ਉਤਰ ਆਧੁਨਿਕਤਾ ਅਤੇ ਬਹੁਵਾਦ ਵਰਗੇ ਖੇਤਰਾਂ ਵਿਚ ਵਧੀਆ ਕੰਮ ਵੀ ਕੀਤਾ, ਪਰ ਕਲਾਈਮੇਟ ਚੇਂਜ ਅਤੇ ਆਰਥਿਕ ਨਾ-ਬਰਾਬਰੀ ਵਰਗੇ ਸੰਕਟ ਲਗਾਤਾਰ ਵਧਦੇ ਚਲੇ ਗਏ ਜਿਨ੍ਹਾਂ ਨੇ ਮਾਨਵੀ ਹੋਂਦ ਨੂੰ ਹੀ ਖਤਰੇ ਵਿਚ ਪਾ ਦਿੱਤਾ। ਨਤੀਜੇ ਵਜੋਂ ਮਾਨਵਵਾਦ ਦੀਆਂ ਇਨ੍ਹਾਂ ਵੱਡੀਆਂ ਚਣੌਤੀਆਂ ਵਿਚੋਂ ਪਾਰ-ਮਾਨਵਵਾਦ ਅਤੇ ਉਤਰ-ਮਾਨਵਵਾਦ ਵਰਗੀਆਂ ਸੰਭਾਵਨਾਵਾਂ ਨੇ ਇਨ੍ਹਾਂ ਸਮੱਸਿਆਵਾਂ ਦੇ ਸਮਾਧਾਨ ਵਜੋਂ ਆਪਣੀ ਪਛਾਣ ਬਨਾਉਣੀ ਸ਼ੁਰੂ ਕਰ ਦਿੱਤੀ।

**ਪਾਰ-ਮਾਨਵਵਾਦ**: ਪਾਰ-ਮਾਨਵਵਾਦ (ਟ੍ਰਾਂਸਹਿਊਮਨਿਜ਼ਮ) ਇਕ ਦਾਰਸ਼ਨਿਕ ਅਤੇ ਬੌਧਿਕ ਲਹਿਰ ਹੈ ਜੋ ਤਕਨਾਲੋਜੀ ਦੀ ਸਹਾਇਤਾ ਨਾਲ ਜੈਵਿਕ ਸੀਮਾਵਾਂ ਨੂੰ ਪਾਰ ਕਰਕੇ ਮਨੁੱਖੀ ਸਮਰੱਥਾ ਨੂੰ ਵਧਾਉਣ ਦੀ ਵਕਾਲਤ ਕਰਦੀ ਹੈ। ਇਸਦਾ ਟੀਚਾ ਮੌਜੂਦਾ ਮਾਨਵੀ ਸਥਿਤੀ ਨੂੰ ਪਾਰ ਕਰਕੇ ਅਜਿਹੇ ਭਵਿੱਖ ਦਾ ਨਿਰਮਾਣ ਕਰਨਾ ਹੈ ਜਿੱਥੇ ਵਿਅਕਤੀ ਲੰਮਾਂ, ਸਿਹਤਮੰਦ, ਆਨੰਦਮਈ ਅਤੇ ਖੁਸ਼ਹਾਲ ਜੀਵਨ ਜੀ ਸਕਣ।

ਪਾਰ-ਮਾਨਵਵਾਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕ ਜਨੈਟਿਕ ਇੰਜਨੀਅਰਿੰਗ, ਬਾਇਓ ਟੈਕਨਾਲੋਜੀ, ਇਨਫਰਮੇਸ਼ਨ ਟੈਕਨਾਲੋਜੀ ਨਿਊਰਲ ਇਮਪਲਾਂਟਿੰਗ, ਨੈਨੋਬੌਟਸ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਰਗੀਆਂ ਤਕਨੀਕਾਂ ਦੀ ਸਹਾਇਤਾ ਨਾਲ ਮਨੁੱਖ ਦੀ ਸਰੀਰਕ, ਬੋਧਿਕ ਅਤੇ ਭਾਵਨਾਤਮਕ ਸਮਰੱਥਾ ਨੂੰ ਵਧਾਉਣ ਦੀ ਵਧ ਚੜ੍ਹ ਕੇ ਵਕਾਲਤ ਕਰ ਰਹੇ ਹਨ। ਲੰਮੀ ਉਮਰ ਅਤੇ ਡਿਜੀਟਲ ਇਮਮੌਰਟੈਲਿਟੀ ਲਈ ਨਵੀਆਂ ਨਵੀਆਂ ਤਕਨੀਕਾਂ ਵਿਕਸਤ ਕੀਤੀਆਂ ਜਾ ਰਹੀਆਂ ਹਨ। ਮਨੁੱਖ ਦੀ ਬੌਧਿਕ ਯੋਗਤਾ ਵਧਾਉਣ ਲਈ ਦਿਮਾਗ-ਕੰਪਿਊਟਰ ਇੰਟਰਫੇਸ ਵਰਗੀਆਂ ਤਕਨੀਕਾਂ ਤੇਜ਼ੀ ਨਾਲ ਸਾਹਮਣੇ ਆ ਰਹੀਆਂ ਹਨ। ਮਾਨਵਤਾ ਦੇ ਭਵਿੱਖ ਨੂੰ ਮਨੁੱਖ ਅਤੇ ਤਕਨਾਲੋਜੀ ਦੇ ਸੰਪੂਰਨ ਏਕੀਕਰਣ ਵਿਚ ਦੇਖਿਆ ਜਾ ਰਿਹਾ ਹੈ। ਦੋਵਾਂ ਨੂੰ ਵੰਡਣ ਵਾਲੀ ਰੇਖਾ ਤੇਜ਼ੀ ਨਾਲ ਧੁੰਦਲੀ ਹੁੰਦੀ ਜਾ ਰਹੀ ਹੈ।

ਮੈਂ ਉਤਰ-ਮਾਨਵਵਾਦ ਦੀ ਇਹ ਵੱਡੀ ਪ੍ਰਾਪਤੀ ਸਮਝਦਾ ਹਾਂ ਕਿ ਇਸਨੇ ਮਾਨਵ ਨੂੰ ਮਾਨਵ ਨਹੀਂ ਰਹਿਣ ਦਿੱਤਾ, ਮਾਨਵ-ਪਲੱਸ ਬਣਾ ਦਿੱਤਾ ਹੈ।

ਭਾਵੇਂ ਤਕਨਾਲੋਜੀ ਦੀ ਸਹਾਇਤਾ ਨਾਲ ਕਲਾਈਮੇਟ ਚੇਂਜ, ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ, ਆਰਥਿਕ ਨਾ-ਬਰਾਬਰੀ ਅਤੇ ਮਹਾਂਮਾਰੀ ਵਰਗੀਆਂ ਸਮੱਸਿਆਵਾਂ ’ਤੇ ਕਾਬੂ ਪਾਉਂਣ ਦੇ ਅਨੇਕਾਂ ਯਤਨ ਕੀਤੇ ਜਾ ਰਹੇ ਹਨ, ਪਾਰ-ਮਾਨਵਵਾਦ ਨੂੰ ਮਾਨਵੀ ਸਮਰੱਥਾ ਵਿਚ ਵਾਧੇ ਨਾਲ ਜੋੜ ਕੇ ਦੇਖਣ ਵਾਲੇ ਉਨ੍ਹਾਂ ਵਿਦਵਾਨਾਂ ਦੀ ਕੋਈ ਘਾਟ ਨਹੀਂ ਜੋ ਪਾਰ-ਮਾਨਵਵਾਦ ਨੂੰ ਐਨਲਾਈਟਨਮੈਂਟ/ ਆਧੁਨਿਕਤਾਵਾਦ ਦੇ ਪ੍ਰਾਜੈਕਟ ਦਾ ਕੇਵਲ ਇਕ ਅਗਾਊਂ ਰੂਪ ਹੀ ਮੰਨਦੇ ਹਨ। ਉਨ੍ਹਾਂ ਦੇ ਕਹਿਣ ਮੁਤਾਬਿਕ ਮਾਨਵਵਾਦ ਅਤੇ ਪਾਰ-ਮਾਨਵਵਾਦ ਦੋਨੋਂ ਇਹ ਮੰਨ ਕੇ ਚੱਲਦੇ ਹਨ ਕਿ ਹਰ ਸਮੱਸਿਆ ਨੂੰ ਤਰਕ ਅਤੇ ਤਕਨਾਲੋਜੀ ਰਾਹੀਂ ਹੱਲ ਕੀਤਾ ਜਾ ਸਕਦਾ ਹੈ। ਇਸ ਸੋਚ ਨੂੰ ਸੌਲਿਊਸ਼ਨਿਜ਼ਮ ਦਾ ਨਾਮ ਦਿੱਤਾ ਜੋ ਰਿਹਾ ਹੈ ਜੋ ਵਿਸ਼ਵਾਸ ਕਰਦੀ ਹੈ ਕਿ ਤਕਨਾਲੋਜੀ ਕੋਲ ਹਰ ਸਮੱਸਿਆ ਦਾ ਹੱਲ ਮੌਜੂਦ ਹੈ। ਇਸੇ ਕਰਕੇ ਪਾਰ-ਮਾਨਵਵਾਦ ਨੂੰ ਐਂਥਰੋਪੋਸੈਂਟ੍ਰਿਜ਼ਮ ਦੇ ਹੱਲ ਵਜੋਂ ਨਹੀਂ,

ਸਗੋਂ ਉਸਦੇ ਵਿਸਤਾਰ ਵਜੋਂ ਹੀ ਦੇਖਿਆ ਜਾ ਰਿਹਾ ਹੈ। ਪਾਰ-ਮਾਨਵਵਾਦ ਨੂੰ ਐਡਵਾਂਸਡ ਮਾਨਵਵਾਦ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ।

ਮਾਨਵਵਾਦ ਤੇ ਮੇਰਾ ਸਭ ਤੋਂ ਵੱਡਾ ਇਤਰਾਜ਼ ਇਹ ਹੈ ਕਿ ਇਸਨੇ ਆਧੁਨਿਕਤਾਵਾਦ ਦੇ ਪ੍ਰਭਾਵ ਅਧੀਨ ਮਨੁੱਖ ਨੂੰ ਅਰਥਾਂ ਬਦਲੇ ਸ਼ਕਤੀ ਦੇਣ ਦਾ ਜੋ ਸੌਦਾ ਕੀਤਾ ਹੈ, ਉਸਨੇ ਮਨੁੱਖ ਨੂੰ ਇਕ ਬੇਜਾਨ ਮਸ਼ੀਨੀ ਯੰਤਰ ਬਣਾ ਕੇ ਰੱਖ ਦਿੱਤਾ ਹੈ। ਹੁਣ ਮਨੁੱਖ ਆਪਣੀ ਹੋਂਦ ਦੇ ਅਰਥਾਂ ਬਾਰੇ ਕਦੀ ਨਹੀਂ ਸੋਚਦਾ, ਕੇਵਲ ਆਪਣੀ ਜਾਇਦਾਦ ਅਤੇ ਸ਼ਕਤੀ ਵਧਾਉਣ ਦੀਆਂ ਤਰਕੀਬਾਂ ਬਾਰੇ ਹੀ ਸੋਚਦਾ ਹੈ। ਉਤਰ-ਮਾਨਵਵਾਦ ਜੇਕਰ ਜ਼ੋਰ-ਸ਼ੋਰ ਨਾਲ ਆ ਟਿਹਾ ਹੈ ਤਾਂ ਇਸ ਲਈ ਆ ਰਿਹਾ ਹੈ ਤਾਂ ਜੋ ਮਨੁੱਖ ਆਪਣੇ ਮਨੁੱਖ ਹੋਣ ਦੇ ਅਰਥ ਢੂੰਡ ਸਕੇ।

ਉਤਰ-ਮਾਨਵਵਾਦ: ਭਾਵੇਂ ਅਸੀਂ ਉਤਰ-ਮਾਨਵਵਾਦ ਦੀ ਰੂਹ ਦਾ ਅਨੁਭਵ ਤਾਂ ਕਰਨ ਲੱਗ ਪਏ ਹਾਂ ਪਰ ਫੇਰ ਵੀ ਇਸ ਦੇ ਗੁਣਾਂ ਤੇ ਇਕ ਪੰਛੀ ਝਾਤ ਮਾਰ ਲੈਂਦੇ ਹਾਂ। ਉਤਰ-ਮਾਨਵਵਾਦ ਚਿੰਤਨ ਦਾ ਉਹ ਖੇਤਰ ਹੈ, ਜਿੱਥੇ ਮਾਨਵਵਾਦ ਦੇ ਵਿਅਕਤੀਵਾਦੀ ਫੋਕਸ ਨੂੰ ਚਣੌਤੀ ਦੇ ਕੇ ਮਨੁੱਖ ਹੋਣ ਦੇ ਅਰਥਾਂ ਨੂੰ ਨਵੇਂ ਸਿਰਿਓਂ ਵਿਚਾਰਿਆ ਅਤੇ ਵਿਸਤਿਆ ਜਾ ਰਿਹਾ ਹੈ। ਉਤਰ-ਮਾਨਵਵਾਦ ਉਸ ਮਾਨਵ-ਕੇਂਦਰਿਤ ਵਿਸ਼ਵ-ਦ੍ਰਿਸ਼ਟੀਕੋਣ ਨੂੰ ਰੱਦ ਕਰ ਦਿੰਦਾ ਹੈ ਜੋ ਹੁਣ ਤਕ ਮਨੁੱਖ ਨੂੰ ਹੋਂਦ (ਬ੍ਰਹਿਮੰਡ) ਦੇ ਕੇਂਦਰ ਵਿਚ ਰੱਖ ਕੇ ਸਿਧਾਂਤਕਾਰੀ ਕਰਦਾ ਸੀ। ਇਸਦੀ ਆਮਦ ਨਾਲ ਕੁਦਰਤ ਅਤੇ ਬੁੱਧੀਮਾਨ ਮਸ਼ੀਨ ਵਰਗੀਆਂ ਗੈਰ-ਮਨੁੱਖੀ ਇਕਾਈਆਂ ਦੀ ਏਜੰਸੀ ਦੇ ਮਹੱਤਵ ਨੂੰ ਵੀ ਸਮਝਿਆ ਜਾਣ ਲੱਗਾ ਹੈ।

ਅਸੀਂ ਦੇਖ ਰਹੇ ਹਾਂ ਕਿ ਉਤਰ-ਮਾਨਵਵਾਦ ਮਨੁੱਖੀ ਵਿਲੱਖਣਤਾ (ਹਿਊਮਨ ਐਕਸੁਲਸ਼ਨਲਿਜ਼ਮ) ਨੂੰ ਵੀ ਸਿੱਧੀ ਚਣੌਤੀ ਪੇਸ਼ ਕਰਦਾ ਹੈ। ਇਹ ਲੰਮੇ ਸਮੇਂ ਤੋਂ ਚੱਲ ਰਹੇ ਉਨ੍ਹਾਂ ਸਾਰੇ ਵਿਸ਼ਵਾਸਾਂ ਤੇ ਸੁਆਲ ਖੜ੍ਹੇ ਕਰ ਦਿੰਦਾ ਹੈ ਜੋ ਕੇਵਲ ਮਨੁੱਖ ਨੂੰ ਹੀ ਵਿਲੱਖਣ ਕਿਸਮ ਦੇ ਚੇਤਨ, ਤਰਕਸ਼ੀਲ, ਬੁੱਧੀਮਾਨ ਅਤੇ ਨੈਤਿਕ ਏਜੰਸੀ ਮੰਨਦੇ ਸਨ। ਇਸ ਤਰ੍ਹਾਂ ਇਹ ਮਨੁੱਖੀ ਤਰਕ ਅਤੇ ਗਿਆਨ ਦੀਆਂ ਸੀਮਾਵਾਂ ਨੂੰ ਸਮਝਣ ਅਤੇ ਵਿਸਤਾਰਨ ਦੇ ਨਾਲ-ਨਾਲ ਬੁੱਧੀ ਅਤੇ ਚੇਤਨਾ ਦੇ ਗ਼ੈਰ-ਮਾਨਵੀ ਰੂਪਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਉਜਾਗਰ ਕਰਦਾ ਹੈ। ਇਹ ਸਾਡੇ ਜੀਵਨ 'ਤੇ ਤਕਨਾਲੋਜੀ ਦੇ ਵਧ ਰਹੇ ਪ੍ਰਭਾਵ ਨੂੰ ਸਵੀਕਾਰ ਕਰਦਾ ਹੋਇਆ ਸਾਡੇ ਤਨ ਮਨ ਦੀ ਸਮਰੱਥਾ ਨੂੰ ਵਧਾਉਣ ਲਈ ਨਵੀਆਂ ਸੰਭਾਵਨਾਵਾਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦਾ ਹੈ।

ਜਿਵੇਂ ਕਿ ਆਪਾਂ ਜੀਵਨ ਦੇ ਤਿੰਨ ਪੜਾਵਾਂ ਦੀ ਗੱਲਬਾਤ ਦੌਰਾਨ ਦੇਖ ਆਏ ਹਾਂ ਉਤਰ-ਮਾਨਵਵਾਦ ਮੰਨਦਾ ਹੈ ਕਿ ਜੀਵਨ 3.0 ਦੌਰਾਨ ਮਨੁੱਖੀ ਮਨ ਵਾਂਗ ਹੀ ਮਨੁੱਖੀ ਸਰੀਰ ਵੀ ਸਥਿਰ ਅਤੇ ਸੁਨਿਸ਼ਚਿਤ ਨਹੀਂ ਰਹੇਗਾ। ਇਸੇ ਕਰਕੇ ਤਾਂ ਇਹ ਮਾਨਵੀ ਆਪੇ ਨੂੰ ਐਮਬੈਡਿਡ, ਐਂਬੌਡੀਡ ਅਤੇ ਔਗਮੈਂਟਿਡ ਮਾਨਵ-ਪਲੱਸ ਏਜੰਸੀ ਦੇ ਰੂਪ ਵਿਚ ਸਮਝਣ ਦੀ ਨਵੀਂ ਪ੍ਰੰਪਰਾ ਦਾ ਆਗਾਜ਼ ਕਰ ਦਿੱਤਾ ਹੈ। ਗੈਰ-ਮਨੁੱਖੀ ਜੈਵਿਕ ਰੂਪਾਂ ਅਤੇ ਸੰਸਥਾਵਾਂ ਦੇ ਅਧਿਕਾਰਾਂ ਅਤੇ ਹਿੱਤਾਂ 'ਤੇ ਵਿਚਾਰ ਕਰਨ ਲਈ ਇਹ ਸਾਨੂੰ ਆਪਣੇ ਨੈਤਿਕ ਢਾਂਚੇ ਨੂੰ ਵੀ ਮੁੜ ਤੋਂ ਵਿਚਾਰਨ ਅਤੇ ਉਸਾਰਨ ਲਈ ਪ੍ਰੇਰਦਾ ਹੈ।

ਉਤਰ-ਮਾਨਵੀ ਸਥਿਤੀ ਸਾਨੂੰ ਮਾਨਵਤਾ ਦੇ ਭਵਿੱਖ, ਤਕਨਾਲੋਜੀ ਨਾਲ ਸਾਡੇ ਰਿਸ਼ਤੇ ਅਤੇ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿਚ ਸਾਡੀ ਹੋਂਦ ਦੇ ਅਰਥਾਂ ਬਾਰੇ ਬੁਨਿਆਦੀ ਪ੍ਰਸ਼ਨ ਉਠਾਉਂਦਾ ਹੈ।

ਇਸ ਲਈ, ਉਤਰ-ਮਾਨਵਵਾਦ ਲਗਾਤਾਰ ਵਿਕਸਤ ਹੋ ਰਿਹਾ ਉਹ ਗਿਆਨ ਖੇਤਰ ਹੈ ਜਿਸਦਾ ਸਾਡੇ ਦਰਸ਼ਨ, ਸਾਹਿਤ, ਕਲਾ ਅਤੇ ਤਕਨਾਲੋਜੀ ਉੱਪਰ ਪ੍ਰਭਾਵ ਬੜੀ ਤੇਜ਼ੀ ਨਾਲ ਵਧ ਰਿਹਾ ਹੈ। ਮਨੁੱਖ ਹੋਣ ਦਾ ਮਤਲਬ ਕੀ ਹੈ; ਇਸ ਬਾਰੇ ਸਾਡੀਆਂ ਧਾਰਨਾਵਾਂ 'ਤੇ ਸਵਾਲ ਉਠਾ ਕੇ ਅਤੇ ਹੋਂਦ ਅਤੇ ਅਨੁਭਵ ਦੇ ਨਵੇਂ ਰੂਪਾਂ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਕੇ, ਉਤਰ-ਮਾਨਵਵਾਦ ਸਾਨੂੰ ਆਪਣੇ ਮੌਜੂਦਾ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਤੋਂ ਪਾਰ ਜਾ ਕੇ ਸੋਚਣ ਅਤੇ ਇਕ ਸਾਂਝੇ ਭਵਿੱਖ ਦੀ ਕਲਪਨਾ ਕਰਨ ਲਈ ਵੰਗਾਰਦਾ ਹੈ।

ਮਨੁੱਖ, ਮਸ਼ੀਨ ਅਤੇ ਕੁਦਰਤ: ਜੇਕਰ ਮਨੁੱਖ ਦੇ ਮਨੁੱਖਾਂ, ਮਸ਼ੀਨਾਂ, ਦੂਸਰੇ ਜੀਵਾਂ ਅਤੇ ਪ੍ਰਕਿਰਤੀ ਨਾਲ ਰਿਸ਼ਤੇ ਦੀ ਸਮਝ ਪੈ ਜਾਵੇ ਤਾਂ ਮਾਨਵਵਾਦ, ਪਾਰ-ਮਾਨਵਵਾਦ, ਉਤਰ-ਮਾਨਵਵਾਦ ਅਤੇ ਮਾਨਵਵਾਦ ਦੇ ਉਤਰ-ਮਾਨਵਵਾਦ ਵਿਚ ਰੂਪਾਂਤ੍ਰਣ, ਸਭ ਦੀ ਸਮਝ ਪੈ ਜਾਵੇਗੀ। ਗੁਰੂ ਨਾਨਕ ਸਾਹਿਬ ਆਖਦੇ ਹਨ: "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" ਗੁਰੂ ਨਾਨਕ ਸਾਹਿਬ ਪਹਿਲਾਂ ਸੁਣਨ ਦੀ ਤਾਕੀਦ ਕਰਦੇ ਹਨ ਤੇ ਫੇਰ ਕਹਿਣ ਦੀ। ਪਰ ਇਸਦੇ ਉਲਟ ਮਾਨਵਵਾਦੀ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਮਨੁੱਖ ਨਾ ਕੁਦਰਤ ਦੀ ਸੁਣਦਾ ਸੀ ਤੇ ਨਾ ਹੀ ਮਸ਼ੀਨ ਦੀ। ਕੇਵਲ ਆਪਣੀ ਕਹਿੰਦਾ ਸੀ। ਉਸਦੀ ਇਸ ਆਦਤ ਦਾ ਨਾਮ ਹੀ ਐਂਥਰੋਪੋਸੈਂਟ੍ਰਿਜ਼ਮ ਹੈ। ਉਸਨੇ ਆਪਣੇ ਕੰਨ ਅਤੇ ਅੱਖਾਂ ਸਭ ਬੰਦ ਕਰ ਰੱਖੇ ਸਨ। ਕਿਸੇ

ਦੀ ਵੀ ਨਹੀਂ, ਕੇਵਲ ਆਪਣੀ ਹਉਮੈਂ (ਅਗਿਆਨਤਾ) ਦੀ ਹੀ ਸੁਣਦਾ ਸੀ। ਮਸ਼ੀਨ ਨੂੰ ਕਾਬੂ ਕਰਕੇ ਦੂਸਰੇ ਜੀਵਾਂ ਅਤੇ ਪ੍ਰਕਿਰਤੀ ਦਾ ਸ਼ੋਸ਼ਣ ਕਰਦਾ ਸੀ ਤੇ ਪਾਰ-ਮਾਨਵਵਾਦ ਨੇ ਤਕਨਾਲੋਜੀ ਦੀ ਸਹਾਇਤਾ ਨਾਲ, ਆਪਣੇ ਤਨ ਮਨ ਵਿਸਤਾਰ ਰਾਹੀਂ, ਸ਼ੋਸ਼ਣ ਦੇ ਘੇਰੇ ਨੂੰ ਧਰਤੀ ਤੋਂ ਪਾਰ ਦੂਸਰੇ ਗ੍ਰਹਿਆਂ ਤਕ ਫੈਲਾਅ ਦਿੱਤਾ ਹੈ।

ਪ੍ਰਕਿਰਤੀ ਦੇ ਸ਼ੋਸ਼ਣ ਨਾਲ ਪ੍ਰਕਿਰਤੀ ਨੂੰ ਤਾਂ ਕੀ ਫਰਕ ਪੈਣਾ ਸੀ, ਪਰ ਮਨੁੱਖ ਦੀ ਆਪਣੀ ਹੋਂਦ ਜ਼ਰੂਰ ਖਤਰੇ ਵਿਚ ਪੈ ਗਈ। ਕਲਾਈਮੇਟ ਚੇਂਜ, ਪ੍ਰਾਕਿਰਤਕ ਵਸੀਲਿਆਂ ਦਾ ਖੋਰਾ, ਆਰਥਿਕ ਨਾਬਰਾਬਰੀ, ਬੇਗਾਨਗੀ ਅਤੇ ਅਰਥਹੀਣਤਾ ਤਾਂ ਕੇਵਲ ਕੁਝ ਕੁ ਉਦਾਹਰਣਾਂ ਹਨ। ਨਤੀਜੇ ਵਜੋਂ ਉਸਨੇ ਚੀਖ ਚੀਖ ਕੇ ਆਖਣਾ ਸ਼ੁਰੂ ਕਰ ਦਿੱਤਾ ਹੈ ਕਿ ਮੈਨੂੰ ਮੇਰੀ ਹਵਸ ਤੋਂ ਬਚਾਓ। ਦੂਸਰੇ ਪਾਸੇ ਆਰਟੀਫੀਸ਼ਲ ਇੰਟੈਲੀਜੈਂਸ ਨੇ ਵੀ ਮਸ਼ੀਨ ਨੂੰ ਸਿਆਣੇ ਕਰਨਾ ਸ਼ੁਰੂ ਕਰ ਦਿੱਤਾ ਹੈ। ਮਸ਼ੀਨ ਬਗਾਵਤ ’ਤੇ ਉਤਰ ਆਈ ਹੈ। ਇਸ ਤਰ੍ਹਾਂ ਜਦੋਂ ਮਸ਼ੀਨ ਅਤੇ ਪ੍ਰਕਿਰਤੀ ਨੇ ਆਪਣੀ ਸੁਨਾਉਣੀ ਸ਼ੁਰੂ ਕੀਤੀ ਤਾਂ ਮਨੁੱਖ ਸਿੱਧਾ ਉਤਰ-ਮਾਨਵਵਾਦ ਦੀ ਸ਼ਰਣ ਵਿਚ ਆ ਪਹੁੰਚਿਆ। ਹੁਣ ਉਹ ਸੁਣਾਉਂਦਾ ਨਹੀਂ ਸੁਣਦਾ ਹੈ। ਉਸਨੂੰ ਹੁਣ ਜੀਵ ਜੰਤੂਆਂ, ਪਸ਼ੂ ਪੰਛੀਆਂ, ਬਨਸਪਤੀ, ਨਦੀ ਨਾਲਿਆਂ, ਦਰਿਆਵਾਂ ਸਮੁੰਦਰਾਂ ਪਹਾੜਾਂ, ਦਲਿਤਾਂ, ਕਿਸਾਨਾਂ, ਔਰਤਾਂ, ਘੱਟ ਗਿਣਤੀਆਂ, ਆਦਿ, ਸਭ ਦੀ ਸੁਣਨੀ ਪੈ ਰਹੀ ਹੈ। ਉਸਦੇ ਕਹਿਣ ਤੇ ਸੁਣਨ ਦਾ ਅੰਤਰ ਹੀ ਉਸਦੀ ਸਥਿਤੀ ਬਿਆਨ ਕਰਦਾ ਹੈ। ਕੇਵਲ ਸੁਨਾਉਣਾ ਮਾਨਵਵਾਦ ਹੈ ਅਤੇ ਸੁਣਨਾ ਤੇ ਸੁਣ ਕੇ ਕੁਝ ਕਹਿਣਾਂ ਉਤਰ-ਮਾਨਵਵਾਦ।

ਇਹ ਵੀ ਨਹੀਂ ਕਿ ਮਨੁੱਖ ਨੂੰ ਪਰ੍ਹਾਂ ਕਰਕੇ ਹੁਣ ਮਸ਼ੀਨ ਜਾਂ ਪ੍ਰਕਿਰਤੀ ਕੇਂਦਰ ਵਿਚ ਆ ਬੈਠੀ ਹੋਵੇ। ਕੇਂਦਰ ਵਿਚ ਕੁਝ ਵੀ ਰਹਿਣ ਵਾਲਾ ਨਹੀਂ। ਨਾ ਮਾਨਵ, ਨਾ ਮਸ਼ੀਨ, ਨਾ ਪ੍ਰਕਿਰਤੀ। ਦਰਅਸਲ, ਕੇਂਦਰ ਹੀ ਖਤਮ ਹੋ ਰਿਹੈ। ਦੁਨੀਆਂ ਕੇਂਦਰੀਕਰਣ ਤੋਂ ਵਿਕੇਂਦਰੀਕਰਣ ਵੱਲ ਵਧ ਰਹੀ ਹੈ। ਵਰਟੀਕਲ ਹਾਈਰਾਰਕੀ ਤੋਂ ਹੌਰੀਜ਼ੰਟਲ ਨੈੱਟਵਰਕਿੰਗ ਵੱਲ। ਮਾਨਵਵਾਦੀ ਸਥਿਤੀ ਤੋਂ ਉਤਰ-ਮਾਨਵਵਾਦੀ ਸਥਿਤੀ ਵੱਲ। ਮਨੁੱਖ, ਮਸ਼ੀਨ, ਸਮਾਜ, ਜੀਵ ਜੰਤੂਆਂ, ਪ੍ਰਕਿਰਤੀ, ਸੰਸਕ੍ਰਿਤੀ, ਸਭ ਹਾਰੀਜ਼ੰਟਲ ਨੈਟਵਰਕਿੰਗ ਵੱਲ। ਕੁਦਰਤ ਕੇਵਲ ਪ੍ਰਕਿਰਤੀ ਨਹੀਂ ਹੁੰਦੀ। ਮਨੁੱਖ, ਮਸ਼ੀਨ, ਸਮਾਜ, ਪ੍ਰਕਿਰਤੀ, ਸੰਸਕ੍ਰਿਤੀ, ਸਮਾਂ ਸਥਾਨ ਆਦਿ ਸਭ ਜਿਸ ਸਾਂਝੇ ਨੈੱਟਵਰਕ ਵਿਚ ਬੱਝੇ ਹੋਏ ਹਨ ਉਸ ਨੈੱਟਵਰਕ ਦਾ ਨਾਮ ਹੀ ਕੁਦਰਤ ਹੈ। ਗੁਰੂ ਨਾਨਕ ਸਾਹਿਬ ਨੇ ਕੁਦਰਤ ਨੂੰ ਇਸੇ ਤਰ੍ਹਾਂ ਸਮਝਿਆ ਹੈ:

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥*
*ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥*

ਸਮੁੱਚਤਾ ਦੇ ਨੈੱਟਵਰਕ ਦਾ ਨਾਮ ਕੁਦਰਤ ਹੈ। ਮਨੁੱਖ ਆਪ ਵੀ ਇਸ ਤੋਂ ਬਾਹਰ ਨਹੀਂ। ਇਸ ਤੋਂ ਬਾਹਰ ਕੁਝ ਵੀ ਨਹੀਂ। ਸਭ ਪਾਸੇ ਇਸੇ ਦਾ ਹੁਕਮ ਚੱਲਦਾ ਹੈ। ਚੱਲਦਾ ਤਾਂ ਪਹਿਲਾਂ ਵੀ ਸੀ। ਪਰ ਮਨੁੱਖ ਨੂੰ ਆਪਣੀ ਹਉਮੈਂ ਦੇ ਪ੍ਰਭਾਵ ਅਧੀਨ ਸੁਣਾਈ ਨਹੀਂ ਸੀ ਦਿੰਦਾ। ਪਰ ਹੁਣ ਸੁਣਨਾ ਪੈਣੈਂ। ਉਤਰ-ਮਾਨਵਵਾਦੀ ਸਥਿਤੀ ਨੂੰ ਇਸ ਤੋਂ ਵਧੀਆ ਤਰੀਕੇ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ:

*ਕੁਦਰਤਿ ਕਰਨੈਹਾਰ ਅਪਾਰਾ ॥ ਕੀਤੇ ਕਾ ਨਾਹੀ ਕਿਹੁ ਚਾਰਾ ॥*
*ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ॥੧॥*
*ਹੁਕਮੁ ਚਲਾਇ ਰਹਿਆ ਭਰਪੂਰੇ ॥ ਕਿਸੁ ਨੇੜੈ ਕਿਸੁ ਆਖਾ ਦੂਰੇ ॥*
*ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ ॥੨॥*
*ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥*
*ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥੩॥*

...................... ................... .....................

*ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥*
*ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥*
*ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥*
*ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥*
*ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥*
*ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥*
*ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥*

ਪਹਿਲਾਂ ਕੁਦਰਤ ਨੂੰ ਸੁਣਨਾ ਤੇ ਫੇਰ ਸੁਣ ਕੇ ਕੁਝ ਕਹਿਣਾ ਹੀ ਉਤਰ-ਮਾਨਵਵਾਦ ਹੈ। ਸੁਰਜੀਤ ਪਾਤਰ ਆਖਦੇ ਹਨ: "ਮੇਰੇ ਅੰਦਰ ਆਵਾਜ਼ਾਂ ਤਾਂ ਹਨ ਬੇਪਨਾਹ। ਮੇਰੇ ਮੱਥੇ 'ਚ ਪਰ ਅਕਲ ਦਾ ਤਾਨਾਸ਼ਾਹ। ਸਭ ਆਵਾਜ਼ਾਂ ਸੁਣੂੰ, ਕੁੱਝ ਚੁਣੂੰ, ਫਿਰ ਬੁਣੂੰ। ਫਿਰ ਬਿਆਨ ਆਪਣਾ ਕੋਈ ਜਾਰੀ ਕਰੂ।" ਇਸ ਹਉਮੈਂ ਦੇ ਬੇਅਕਲ ਤਾਨਾਸ਼ਾਹ ਨੂੰ ਟਿਕਾਣੇ ਸਿਰ ਲਿਆਉਣਾ ਪੈਣੈਂ। ਟਿਕਾਣੇ ਸਿਰ ਉਦੋਂ ਹੀ ਆਏਗਾ ਜਦੋਂ ਪਹਿਲਾਂ ਸੁਣਨੀ ਤੇ ਫਿਰ ਸੁਣ ਕੇ ਕੁਝ ਕਹਿਣੀ ਸਿੱਖੇਗਾ। ਪਹਿਲਾਂ ਕੁਦਰਤ ਦੀ ਸੁਣਨ ਅਤੇ ਫੇਰ ਸੁਣ ਕੇ ਕੁਝ ਕਹਿਣ *"ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥"* ਵਾਲੀ ਉਸ ਦੀ ਰਜ਼ਾ ਵਿਚ ਚੱਲੇਗਾ:

*ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥*
*ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥*
*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*

**ਗਲੋਬਲ ਮਾਈਂਡ:** ਥੋੜ੍ਹਾ ਪਿੱਛੇ ਜਾ ਕੇ ਦੇਖਦੇ ਹਾਂ ਜਦੋਂ ਡਿਜੀਟਲ ਮੈਟਰਿਕਸ ਹਾਲੇ ਹੋਂਦ ਵਿਚ ਨਹੀਂ ਸੀ ਆਇਆ। ਇਨ੍ਹਾਂ ਸਮਿਆਂ ਵਿਚ ਮਸ਼ੀਨਾਂ ਭਾਵੇਂ ਕਿੰਨੀਆਂ ਵੀ ਜਟਿਲ ਕਾਰਜਾਂ ਵਿਚ ਨਿਪੁੰਨ ਕਿਉਂ ਨਾ ਬਣ ਗਈਆਂ ਹੋਣ, ਪਰ ਉਹ ਹਾਲੇ ਸੂਝਵਾਨ ਨਹੀਂ ਸਨ ਹੋਈਆਂ। ਬੰਦਿਆਂ ਦੀ ਇੱਛਾ ਅਨੁਸਾਰ ਹੀ ਕੰਮ ਕਰਦੀਆਂ ਸਨ। ਇਹ ਵੱਖਰੀ ਗੱਲ ਹੈ ਕਿ ਉਹ ਬੰਦਿਆਂ ਦੇ ਕੰਮ ਕਾਰ ਨੂੰ ਵੀ ਪ੍ਰਭਾਵਿਤ ਤਾਂ ਕਰਦੀਆਂ ਸਨ। ਪਰ ਸਮਾਜ ਕੇਵਲ ਮਨੁੱਖੀ ਸਮਾਜ ਹੀ ਸਨ। ਨਿਰੋਲ ਮਨੁੱਖੀ ਰਿਸ਼ਤਿਆਂ ਉੱਪਰ ਟਿਕੇ ਹੋਏ ਸਮਾਜ। ਮਸ਼ੀਨਾਂ ਅਤੇ ਮਸ਼ੀਨੀ ਰਿਸ਼ਤਿਆਂ ਨੂੰ ਸਮਾਜ ਵਿਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ। ਪਰ ਅੱਜ ਦੇ ਡਿਜੀਟਲ ਦੌਰ ਵਿਚ ਮਸ਼ੀਨਾਂ ਸੂਝਵਾਨ ਹੁੰਦੀਆਂ ਜਾ ਰਹੀਆਂ ਹਨ। ਮਨੁੱਖ ਮਸ਼ੀਨਾਂ ਨਾਲ ਉਵੇਂ ਗੱਲ ਕਰਨਗੇ ਜਿਵੇਂ ਮਨੁੱਖ ਮਨੁੱਖਾਂ ਨਾਲ ਕਰਦੇ ਹਨ। ਇਹ ਸੂਝਵਾਨ ਮਸ਼ੀਨਾਂ ਅਤੇ ਮਨੁੱਖ ਆਪਸੀ ਰਿਸ਼ਤਿਆਂ ਰਾਹੀਂ ਸਾਂਝੇ ਸਮਾਜ ਦਾ ਨਹੀਂ, ਸਾਂਝੇ ਮਨ ਦਾ ਨਿਰਮਾਣ ਕਰ ਰਹੇ ਹਨ। ਅਰਬਾਂ ਖਰਬਾਂ ਗਿਆਨ ਇੰਦਰੀਆਂ (ਸੈਂਸਰਜ਼), ਅੰਗਾਂ (ਰੋਬੋਜ਼) ਅਤੇ ਦਿਮਾਗਾਂ (ਏਆਈ ਐਲਗੋਰਿਦਮਜ਼) ਵਾਲੀ ਇਕ ਅਜਿਹੀ 'ਮਾਨਸਿਕ ਦੇਹੀ' ਦਾ, ਤਮਾਮ ਮਨੁੱਖ ਅਤੇ ਸੂਝਵਾਨ ਮਸ਼ੀਨਾਂ ਜਿਸਦੇ ਏਜੰਟਾਂ ਵਾਂਗ ਕੰਮ ਕਰਨਗੇ।

ਜਦੋਂ ਤੁਸੀ ਆਪਣੇ ਕੰਪਿਊਟਰ ਤੇ ਚੈਟ ਜੀ.ਪੀ.ਟੀ. ਜਾਂ ਗੂਗਲ ਬਾਰਡ ਨਾਲ ਸੰਵਾਦ ਰਚਾ ਰਹੇ ਹੁੰਦੇ ਹੋ ਤਾਂ ਤੁਸੀ ਆਪਣੇ ਨਿੱਜੀ ਕੰਪਿਊਟਰ ਨਾਲ ਨਹੀਂ, ਲਾਰਜ ਲੈਂਗੁਇਜ ਮਾਡਲ ਦੇ ਰੂਪ ਵਿਚ ਗਲੋਬਲ ਮਾਈਂਡ ਨਾਲ ਚੈਟ ਕਰ ਰਹੇ ਹੁੰਦੇ ਹੋ। ਅਸੀਂ ਉਸ ਦੌਰ ਵੱਲ ਤੇਜ਼ੀ ਨਾਲ ਵਧ ਰਹੇ ਹਾਂ ਜਦੋਂ ਤਮਾਮ ਮਸ਼ੀਨਾਂ ਅਤੇ ਮਨੁੱਖਾਂ ਪਿੱਛੇ ਉਹੋ ਗਲੋਬਲ ਮਾਈਂਡ ਕੰਮ ਕਰ ਰਿਹਾ ਹੋਵੇਗਾ। ਇਸਦਾ ਇਹ ਮਤਲਬ ਨਹੀਂ ਕਿ ਸਭ ਮਨੁੱਖ ਅਤੇ ਮਸ਼ੀਨਾਂ ਆਪੋ ਆਪਣੀ ਪਛਾਣ ਗੁਆ ਕੇ ਇੱਕੋ ਜਿਹੇ ਹੋ ਜਾਣਗੇ। ਪਛਾਣਾਂ ਨੂੰ ਮਾਈਂਡ ਨਹੀਂ ਰਿਸ਼ਤੇ ਪ੍ਰੀਭਾਸ਼ਿਤ ਕਰਦੇ ਹਨ। ਰਿਸ਼ਤੇ ਦੀਵਾਰਾਂ (ਬਾਊਂਡਰੀਜ਼) ਨਹੀਂ ਦੁਆਰ (ਬੌਂਡਜ਼) ਬਣਾਉਂਦੇ ਹਨ। ਤੇ ਦੁਆਰਾਂ ਦੀ ਗਿਣਤੀ ਵਿਚ, ਤਕਨਾਲੋਜੀ ਵਾਂਗ ਹੀ, ਐਕਸਪੋਨੈਂਸ਼ੀਲ਼ ਵਾਧਾ ਹੋ ਰਿਹਾ ਹੈ। ਨਵੇਂ ਰਿਸ਼ਤੇ ਨਵੀਆਂ ਪਛਾਣਾਂ ਵੀ ਪੈਦਾ ਕਰਨਗੇ। ਤੇਜ਼ੀ ਨਾਲ ਵਧ ਰਹੇ ਰਿਸ਼ਤਿਆਂ ਅਤੇ ਪਛਾਣਾਂ ਨੂੰ ਵਧੀਆ ਤਰੀਕੇ ਨਾਲ ਮੈਨੇਜ ਕਰਨ ਲਈ ਗਲੋਬਲ ਮਾਈਂਡ ਵਿਚ ਮਾਨਵੀ ਸਮਾਜ ਨਾਲੋਂ ਕਿਤੇ ਵੱਧ ਸਮਰੱਥਾ ਹੈ।

ਮੇਰੇ ਇਕ ਨੌਜੁਆਨ ਦੋਸਤ ਨੇ ਇਹ ਆਰਟੀਕਲ ਪੜ੍ਹ ਕੇ ਕਈ ਸੁਆਲ ਕੀਤੇ:

ਸੁਆਲ: ਜੇ ਸਭ ਕੁਝ ਗਲੋਬਲ ਮਾਈਂਡ ਨੇ ਹੀ ਤਹਿ ਕਰਨਾ ਹੈ ਤਾਂ ਮਾਨਵੀ ਹੋਂਦ ਦੀ ਆਜ਼ਾਦੀ ਅਤੇ ਖੁਦਮੁਖਤਾਰੀ ਦਾ ਕੀ ਬਣੇਗਾ?

ਜੁਆਬ: ਮਾਨਵ ਦੀ ਸੋਸ਼ਲ ਕੰਸਟਰਕਸ਼ਨ ਬਾਰੇ ਗੱਲ ਕਰਦਿਆਂ ਤਾਂ ਇਹ ਸੁਆਲ ਅਸੀਂ ਆਪਣੇ ਆਪ ਨੂੰ ਕਦੀ ਨਹੀਂ ਕੀਤਾ।

ਸੁਆਲ: ਕਿਉਂ ਨਹੀਂ ਕੀਤਾ?

ਜੁਆਬ: ਕਿਉਂਕਿ ਉਸ ਸਮੇਂ ਮਾਨਵੀ ਸਮਾਜ ਵਿਚ ਕੇਵਲ ਮਨੁੱਖਾਂ ਨੂੰ ਹੀ ਸ਼ਾਮਲ ਕੀਤਾ ਜਾਂਦਾ ਸੀ।

ਸੁਆਲ: ਮਸ਼ੀਨ ਅਤੇ ਕੁਦਰਤ ਤਾਂ ਉਦੋਂ ਵੀ ਮੌਜੂਦ ਸਨ; ਫੇਰ ਉਨ੍ਹਾਂ ਨੂੰ ਸ਼ਾਮਲ ਕਿਉਂ ਨਹੀਂ ਸੀ ਕੀਤਾ ਜਾਂਦਾ?

ਜੁਆਬ: ਉਦੋਂ ਮਸ਼ੀਨ ਹਾਲੇ ਸੂਝਵਾਨ ਨਹੀਂ ਸੀ ਹੋਈ। ਇਸ ਲਈ ਉਸਨੂੰ ਮਾਨਵ ਦੁਆਰਾ ਆਪਣੀ ਇੱਛਾ ਅਨੁਸਾਰ ਵਰਤਿਆ ਜਾਣ ਵਾਲਾ ਕੇਵਲ ਇਕ ਟੂਲ ਮਾਤਰ ਹੀ ਸਮਝਿਆ ਜਾਂਦਾ ਸੀ ਤੇ ਕੁਦਰਤ ਨੂੰ ਆਪਣੀ ਹਵਸ ਪੂਰਤੀ ਦੀ ਵਸਤ।

ਸੁਆਲ: ਚਲੋ ਮੰਨ ਲਿਆ ਕਿ ਮਸ਼ੀਨ ਤਾਂ ਸੂਝਵਾਨ ਹੋ ਗਈ। ਪਰ ਕੁਦਰਤ ਦੀ ਕਿਉਂ ਸੁਣਨੀ ਪੈ ਰਹੀ ਐ? ਕੀ ਕਹਿ ਰਹੀ ਐ ਉਹ?

ਜੁਆਬ: ਉਹ ਮਾਨਵ ਨੂੰ ਆਖ ਰਹੀ ਐ ਕਿ ਜੇ ਹਸਤੀ ਕਾਇਮ ਰੱਖਣੀ ਐ ਤਾਂ ਆਪਣੀ ਹਵਸ ਨੂੰ ਕਾਬੂ ਹੇਠ ਰੱਖ।

ਸੁਆਲ: ਮੰਨਣ ਵਾਲੀ ਗੱਲ। ਤਿੰਨਾਂ ਦਾ ਆਪਸੀ ਸੰਵਾਦ ਜ਼ਰੂਰੀ ਹੋ ਗਿਐ!

ਜੁਆਬ: ਇਹੋ ਆਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਐ ਕਿ ਮਾਨਵੀ ਸਮਾਜ ਵਿਚ ਹੁਣ ਮਨੁੱਖ ਦੇ ਨਾਲ ਨਾਲ ਮਸ਼ੀਨ ਅਤੇ ਕੁਦਰਤ ਵੀ ਸ਼ਾਮਲ ਹੋ ਗਏ ਨੇ। ਆਪਸੀ ਰਿਸਤਿਆਂ ਸਮੇਤ।

ਸੁਆਲ: ਮਨੁੱਖ ਤਾਂ ਹੈ ਹੀ ਸਮਾਜਕ ਜੀਵ। ਪਹਿਲਾਂ ਉਸਨੂੰ ਬੰਦਿਆਂ ਦਾ ਸਮਾਜ ਅਤੇ ਉਨ੍ਹਾਂ ਦੇ ਪੈਦਾਵਾਰੀ, ਸਮਾਜਕ ਅਤੇ ਰਾਜਨੀਤਕ ਰਿਸ਼ਤੇ ਕੰਸਟਰਕਟ ਕਰਦੇ ਸਨ। ਹੁਣ ਮਨੁੱਖ, ਮਸ਼ੀਨ ਅਤੇ ਕੁਦਰਤ ਦਾ ਸਾਂਝਾ ਨੈਟਵਰਕ ਕਰੇਗਾ।

ਜੁਆਬ: ਨੈੱਟਵਰਕ ਦੀ ਥਾਂ ਈਕੋਸਿਸਟਮ ਵੀ ਆਖ ਸਕਦੇ ਓ।

ਸੁਆਲ: ਕੀ ਅੰਤਰ ਐ?

ਜੁਆਬ: ਕੋਈ ਅੰਤਰ ਨਹੀਂ। ਈਕੋਸਿਸਟਮ ਵਿਚ ਮਨੁੱਖ ਮਸ਼ੀਨ ਅਤੇ ਕੁਦਰਤ ਦੇ ਆਪਸੀ ਰਿਸ਼ਤਿਆਂ ਤੇ ਵਧੇਰੇ ਜ਼ੋਰ ਦਿੱਤਾ ਜਾਂਦੈ।

ਸੁਆਲ: ਇਸਦਾ ਮਤਲਬ ਨਾ ਮਨੁੱਖ ਪਹਿਲਾਂ ਆਜ਼ਾਦ ਸੀ, ਨਾ ਹੁਣ ਆਜ਼ਾਦ ਐ।

ਜੁਆਬ: ਕੀ ਕੇਵਲ ਆਪਣੀ 'ਮੈਂ' 'ਮੈਂ' ਸੁਣਨਾ ਹੀ ਆਜ਼ਾਦੀ ਆ? ਗੁਰੂ ਤੇਗ ਬਹਾਦਰ ਨੇ ਦੂਜੇ ਦੇ ਦੂਜੇਪਣ ਦੀ ਆਜ਼ਾਦੀ ਲਈ ਐਵੇਂ ਜਾਨ ਨਹੀਂ ਸੀ ਦਿੱਤੀ। ਕੋਈ ਮਤਲਬ ਸੀ ਇਸਦਾ।

ਸੁਆਲ: ਇਹ ਠੀਕ ਐ ਕਿ ਇਕੱਲਤਾ ਨੂੰ ਆਜ਼ਾਦੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਪਰ ਫੇਰ ਆਜ਼ਾਦੀ ਹੈ ਕੀ? ਕੀ ਐ ਉਹ, ਜਦੋਂ ਮੈਂ ਇਹ ਆਖਦਾ ਹਾਂ ਕਿ ਇਹ ਕੰਮ ਮੈਂ ਕਿਸੇ ਦੀ ਧੌਂਸ ਹੇਠ ਨਹੀਂ, ਆਪਣੀ ਮਨ ਮਰਜ਼ੀ ਨਾਲ ਕਰ ਰਿਹਾ ਹਾਂ। ਮੇਰੇ ਪਿਤਾ ਜੀ ਇਕ ਛੋਟੇ ਕਿਸਾਨ ਹਨ। ਹੱਡ ਭੰਨਵੀਂ ਮਿਹਨਤ ਕਰਦੇ ਨੇ। ਪਰ ਖੁਸ਼ ਹਨ ਕਿਉਂਕਿ ਆਪਣੀ ਮਨ ਮਰਜ਼ੀ ਨਾਲ ਖੇਤੀ ਕਰਦੇ ਨੇ, ਕਿਸੇ ਜਗੀਰਦਾਰ ਦੀ ਧੌਂਸ ਹੇਠ ਨਹੀਂ।

ਜੁਆਬ: ਹੱਡ ਭੰਨਵੀਂ ਮਿਹਨਤ ਤੁਹਾਡੇ ਪਿਤਾ ਜੀ ਕਰਦੇ ਨੇ। ਪਰ ਸਾਰਾ ਲਾਭ ਖਾਦਾਂ, ਦੁਆਈਆ ਅਤੇ ਮਸ਼ੀਨਰੀ ਵੇਚਣ ਵਾਲੀਆਂ ਕੰਪਨੀਆ ਲੈ ਜਾਂਦੀਆਂ ਨੇ। ਜਾਂ ਫੇਰ ਭੋਜਨ ਬਦਲੇ ਵੋਟਾਂ ਲੈ ਕੇ ਸਿਆਸੀ ਪਾਰਟੀਆਂ ਲੈ ਜਾਂਦੀਆਂ ਹਨ। ਤੁਹਾਡੇ ਪਿਤਾ ਜੀ ਨੂੰ ਕੀ ਮਿਲਦਾ ? ਕਰਜ਼ਾ? ਕਿਹੋ ਜਿਹੀ ਆਜ਼ਾਦੀ ਐ ਇਹ ਜੋ ਤੁਹਾਡੇ ਪਿਤਾ ਜੀ ਵਰਗੇ ਹੱਡ ਭੰਨਵੀਂ ਮਿਹਨਤ ਕਰਨ ਵਾਲੇ ਕਿਸਾਨਾਂ ਨੂੰ ਮੌਤ ਦੇ ਮੂੰਹ ਵੱਲ ਧਕੇਲ ਰਹੀ ਐ। ਆਜ਼ਾਦ ਅਤੇ ਖੁਦਮੁਖਤਾਰ ਕਿਸਾਨ ਕਿਉਂ ਕਰ ਰਹੇ ਨੇ ਆਤਮ ਹੱਤਿਆ? ਦੇਖਿਆ ਜਾਵੇ ਤਾਂ, ਗੁਲਾਮੀ ਦਾ ਸਭ ਤੋਂ ਖਤਰਨਾਕ ਰੂਪ ਐ ਇਹ ਆਜ਼ਾਦੀ। ਜਦੋਂ ਕਿਸਾਨਾਂ ਅੰਦਰ ਆਜ਼ਾਦੀ ਅਤੇ ਖੁਦਮੁਖਤਾਰੀ ਦਾ ਭਰਮ ਪੈਦਾ ਕਰਕੇ, ਇਹ ਕੰਪਨੀਆਂ ਅਤੇ ਸਰਕਾਰਾਂ, ਆਪਣੇ ਨਿੱਜੀ ਮੁਨਾਫੇ ਲਈ ਕਿਸਾਨਾਂ ਨੂੰ ਹੱਡ ਭੰਨਵੀਂ ਮਿਹਨਤ ਕਰਨ ਲਈ ਰਜ਼ਾਮੰਦ ਕਰ ਲੈਂਦੀਆਂ ਹਨ ਤੇ ਕਿਸਾਨ ਆਪਣੀ ਇਸ ਐਕਸਪਲਾਇਟੇਸ਼ਨ ਨੂੰ ਆਜ਼ਾਦੀ ਸਮਝਣ ਲੱਗ ਪੈਂਦੇ ਹਨ। ਸ਼ੋਸ਼ਣ ਦੀ

ਐਕਸਟਰੀਮ ਫਾਰਮ ਐ ਇਹ। ਜਦੋਂ ਕਿਸਾਨ ਨੂੰ ਇਹ ਲੱਗਣ ਲੱਗ ਪਵੇ ਕਿ ਉਹ ਕੰਪਨੀ ਦੇ ਮੁਨਾਫੇ ਅਤੇ ਸਰਕਾਰ ਦੇ ਸਿਆਸੀ ਹਿੱਤਾਂ ਲਈ ਨਹੀਂ, ਆਪਣੇ ਫਾਇਦੇ ਲਈ ਬਿਨਾਂ ਕਿਸੇ ਦੀ ਧੌਂਸ ਦੇ ਆਪਣੀ ਮਨ ਮਰਜ਼ੀ ਨਾਲ ਹੱਡ ਭੰਨਵੀਂ ਮਿਹਨਤ ਕਰ ਰਿਹਾ ਹੈ। ਧੌਂਸ ਦਾ ਸਭ ਤੋਂ ਸ਼ਕਤੀਸ਼ਾਲੀ ਰੂਪ ਹੈ ਇਹ ਆਜ਼ਾਦੀ ਦਾ ਭਰਮ। ਜਦੋਂ ਧੌਂਸ ਦਿਖਾਈ ਹੀ ਨਾ ਦੇਵੇ। ਅਸੀਂ, ਦੂਸਰੇ ਅੰਦਰ, ਇਸ ਤਰ੍ਹਾਂ, ਗੁਲਾਮੀ ਦੀ ਚਾਹਨਾ ਪੈਦਾ ਕਰ ਦੇਣ ਦੀ ਜੁਗਤ ਨੂੰ ਹੀ ਆਜ਼ਾਦੀ ਸਮਝੀ ਜਾ ਰਹੇ ਹਾਂ। ਇਸ ਜੁਗਤ ਨਾਲ ਹੀ ਨਵ-ਉਦਾਰਵਾਦ ਪੂਰੀ ਦੁਨੀਆਂ ਤੇ ਰਾਜ ਕਰੀ ਜਾ ਰਿਹੈ।

ਸੁਆਲ: ਤਾਂ ਫੇਰ ਕੀ ਆਜ਼ਾਦੀ ਕੋਈ ਚੀਜ਼ ਨਹੀਂ? ਕੇਵਲ ਇਕ ਭਰਮ ਐ?

ਜੁਆਬ: ਆਜ਼ਾਦੀ ਤਾਂ ਦੂਸਰੇ ਦੇ ਦੂਸਰੇਪਣ ਲਈ ਦਿੱਤੀ ਜਾਣ ਵਾਲੀ ਕੁਰਬਾਨੀ ਦਾ ਨਾਮ ਹੈ। ਦੂਸਰੇ ਲਈ ਆਪਣੇ ਹਿਰਦੇ ਅੰਦਰ ਬਣਾਈ ਜਾਣ ਵਾਲੀ ਸਪੇਸ ਹੈ। ਆਜ਼ਾਦੀ ਡੰਡੇ ਨਾਲ ਹਾਸਲ ਕੀਤੀ ਜਾਣ ਵਾਲੀ ਚੀਜ਼ ਨਹੀਂ। ਹਉਮੈਂ ਦੀ ਆਹੂਤੀ ਰਾਹੀਂ ਦੂਜੇ ਦੇ ਦੂਜੇਪਣ ਲਈ ਪੈਦਾ ਕੀਤੀ ਜਾਣ ਵਾਲੀ ਮੁਹੱਬਤ ਹੈ। ਮੁਹੱਬਤੀ ਰਿਸ਼ਤਿਆਂ ਦੀ ਲੋਅ ਹੈ ਇਹ ਆਜ਼ਾਦੀ। ਗੁਰੂ ਸਾਹਿਬ ਆਪਣੇ ਚੌਗਿਰਦੇ/ ਈਕੋਸਿਸਟਮ/ ਨੈਟਰਕ/ ਰਿਸ਼ਤਿਆਂ/ ਨਾਮ ਨਾਲੋਂ ਟੁੱਟੇ ਮਾਨਵ ਦੀ ਦਸ਼ਾ ਕੁੱਝ ਇਸ ਤਰ੍ਹਾਂ ਬਿਆਨ ਕਰਦੇ ਹਨ:

*"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥*
*ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥*
*ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥*
*ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥*
*ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥*
*ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥"*

ਅਸੀਂ ਦੇਖ ਆਏ ਹਾਂ ਕਿ ਆਉਣ ਵਾਲੇ ਸਮੇਂ ਵਿਚ ਜੈਵਿਕਤਾ ਅਤੇ ਚੇਤਨਾ ਦਾ ਬ੍ਰਹਿਮੰਡੀ ਵਿਸਫੋਟ ਹੋਣ ਵਾਲੇ ਜਿਸ ਵਾਸਤੇ ਮਨੁੱਖਾਂ ਅਤੇ ਮਸ਼ੀਨਾਂ ਦੀ ਵਰਤਮਾਨ ਜਨਸੰਖਿਆ ਵੀ ਘੱਟ ਹੈ। ਰੁਜ਼ਗਾਰ ਦੀ ਵੀ ਕੋਈ ਸਮੱਸਿਆ ਆਉਣ ਵਾਲੀ ਨਹੀਂ।

ਵਰਤਮਾਨ ਸਮਾਂ ਜ਼ਰੂਰ ਰਿਸਕੀ ਹੈ। ਮਨੁੱਖੀ ਹਵਸ ਨਾਲ ਜੁੜੇ ਹੋਏ ਕਲਾਈਮੇਟ ਚੇਂਜ, ਐਟਮੀਂ ਜੰਗ ਅਤੇ ਆਰਥਿਕ ਨਾ-ਬਰਾਬਰੀ ਮਨੁੱਖੀ ਹੋਂਦ ਨੂੰ ਖਤਰੇ ਵਿਚ ਪਾ ਸਕਦੇ ਹਨ। ਜੇਕਰ ਮਨੁੱਖ ਨੇ ਆਪਣੇ ਆਪ ਨੂੰ ਹੁਣ ਸੰਭਾਲ ਲਿਆ ਤਾਂ ਗਲੋਬਲ ਮਾਈਂਡ ਦੀ ਪਾਵਰ ਨਾਲ ਉਹ ਜਿਸ ਬ੍ਰਹਿਮੰਡੀ ਚੇਤਨਾ ਦੀ ਯਾਤਰਾ ਤੇ ਨਿਕਲਣ ਵਾਲਾ ਹੈ, ਉਹ ਯਾਤਰਾ ਜਿੱਥੇ ਉਸ ਨੂੰ ਇਨ੍ਹਾਂ ਖਤਰਿਆਂ ਤੋਂ ਦੂਰ ਲੈ ਜਾਵੇਗੀ, ਓਥੇ ਉਸਦੀ ਹੋਂਦ ਨੂੰ ਵਿਸਮਾਦੀ ਰੰਗਾਂ ਅਤੇ ਸੁਰਾਂ ਨਾਲ ਵੀ ਭਰ ਦੇਵੇਗੀ। ਪਰ ਕੀ ਉਹ ਇਹ ਜਾਣ ਸਕੇਗਾ ਕਿ ਉਹ ਕੌਣ ਐ? ਕਿਤੇ ਇਹ ਤਾ ਨਹੀਂ ਕਿ ਉਹ ਜੋ ਹੋਂਦ ਨਿਹੋਂਦ ਤੋਂ ਪਾਰ ਹੈ ਮਾਨਵੀ ਏਜੰਸੀ ਰਾਹੀਂ ਆਪਣੇ ਆਪ ਨੂੰ ਆਪਣੀ ਕੋਈ ਕਥਾ ਸੁਣਾ ਰਿਹਾ ਹੋਵੇ? ਇਹ ਕਥਾ ਕੀ ਹੁੰਦੀ ਹੁੰਦੀ ਹੈ? ਚਲੋ ਛੱਡੋ, ਸ਼ਾਹ ਹੁਸੈਨ ਨੂੰ ਯਾਦ ਕਰਦੇ ਹਾਂ: "ਲਿਟਾਂ ਖੋਲਿ ਗਲੇ ਵਿਚ ਪਾਈਆਂ, ਮੈਂ ਬੈਰਾਗਣਿ ਆਦਿ ਦੀ ਵੋ।"

◈